ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

www.sribhainisahib.com ਜਿਲਦ-23 ਨੰਬਰ-35

18 ਤੋਂ 24 ਮੱਘਰ 2072 - 3 to 9 December 2015 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 200

## ਅੰਮ੍ਰਿਤ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

### ਸਤਿਗੁਰੂ ਬੇਮੁੱਖ ਵੀ ਤਾਰੇ



ਸਤਿਗੁਰੂ ਦੀ ਨਿੰਦਿਆ ਕਰਨ ਵਾਲੇ ਵੀ, ਸਤਿਗੁਰੂ ਨਾਲ ਦਵੈਸ਼ ਕਰਨ ਵਾਲੇ ਵੀ, ਬੇਮੁੱਖ ਵੀ ਤਾਰੇ। ਰਾਮਚੰਦਰ ਜੀ ਨੇ ਰਾਵਣ ਜੈਸੇ ਵੀ ਤਾਰ ਦਿੱਤੇ। ਕ੍ਰਿਸ਼ਨ ਮਹਾਰਾਜ ਨੇ ਕੰਸ ਜੈਸੇ ਵੀ ਤਾਰ ਦਿੱਤੇ। ਜਰਾ ਸਿੰਧ ਵਰਗਾ ਜਿਹੜਾ ਖਵਰ ਨਹੀਂ ਕਿਤਨੀ ਵਾਰੀ ਫੋਜ ਲੈ ਕੇ ਚੜ੍ਹਿਆ-ਉਹਨਾ ਦਾ ਵੀ ਉਧਾਰ ਕੀਤਾ। ਉਹ ਸਤਿਗੁਰੂ ਨਿਰਵੈਰ ਹੈ।




ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੇਲੇ ਸਮੇਂ ਸੰਗੀਤ ਸੰਮੇਲਨ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਪ੍ਰਸਿਧ ਤਬਲਾ ਵਾਦਕ ਉਸਤਾਦ ਜ਼ਾਕਿਰ ਹੁਸੈਨ ਅਤੇ ਇਹਨਾਂ ਦੇ ਭਰਾ ਉਸਤਾਦ ਫ਼ਜ਼ਲ ਕੁਰੈਸ਼ੀ (ਤਬਲਾ), ਉਸਤਾਦ ਤੌਫ਼ੀਕ ਕੁਰੈਸ਼ੀ (ਜ਼ੈਂਬੇ) ਨੇ ਅਪਾਣੀ ਬੇਹਤਰੀਨ ਅਦਾਕਾਰੀ ਨਾਲ ਸਰੋਤਿਆਂ ਨੂੰ ਕੀਲੀ ਰੱਖਿਆ ਅਤੇ ਹਾਰਮੋਨੀਅਮ ਤੇ ਸਾਥ ਦੇ ਰਹੇ ਹਨ ਪੰਡਿਤ ਅਜੈ ਜੋਗਲੇਕਰ-22 ਨਵੰਬਰ 2015

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਚੌਥਾ ਸੰਗੀਤ ਸੰਮੇਲਨ ਸੰਪੰਨ

ਸ੍ਰੀ ਭੈਣੀ ਸਾਹਿਬ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇੱਕ ਉਚ ਕੋਟੀ ਦੇ ਮਹਾਨ ਸੰਗੀਤ ਕਾਰ ਸਨ। ਇਸ ਕਰਕੇ ਉਹਨਾਂ ਦੇ ਦਰਬਾਰ ਵਿੱਚ ਮਹਾਨ ਸੰਗੀਤਕਾਰ ਆਪਣੀ ਕਲਾ ਦਾ ਪ੍ਰਦਰਸ਼ਨ ਕਰਕੇ ਆਸ਼ੀਰਵਾਦ ਲੈ ਕੇ ਜਾਂਦੇ ਸਨ। ਉਸਤਾਦ ਜ਼ਾਕਿਰ ਹੁਸੈਨ ਦੇ ਸ਼ਬਦਾ ਵਿੱਚ "ਬਹੁਤ ਕਮ ਐਸੇ ਗੁਰੂ ਹਮਾਰੇ ਜਮਾਨੇ ਮੇਂ ਹੁਏ ਹੈਂ ਜਿਨਕਾ ਹਰ ਖੇਤਰ ਮੇ ਦਖਲ ਰਹਾ ਹੈ, ਚਾਹੇ ਸੰਗੀਤ ਕਾ ਖੇਤਰ ਹੋ, ਅਧਿਆਤਮ ਕਾ ਹੋ, ਜ਼ਿੰਦਗੀ ਕੇ, ਬਾਰੇ ਮੇਂ ਕਹਿਨਾ ਉਸਕੇ ਬਾਰੇ ਮੇ ਸਿਖਾਨਾ ਉਸਕੇ ਬਾਰੇ ਮੇ ਬੋਲਨਾ ਔਰ ਖਾਸ ਕਰਕੇ ਸੰਗੀਤ ਕੇ ਜਗਤ ਮੇਂ ਹਮਾਰੇ ਕਲਾਕਾਰੋਂ ਕੇ ਲੀਏ ਸਤਿਗੁਰੂ ਜੀ ਨੇ ਜੋ ਅਸ਼ੀਰਵਾਦ ਦੀਆ ਹੈ, ਉਸ ਕੇ ਬਰਾਬਰ ਇਸ ਜ਼ਿੰਦਗੀ ਮੇਂ, ਇਸ ਕਾਲ ਮੇਂ ਸ਼ਾਇਦ ਨਹੀਂ ਮਿਲੇਗਾ."

ਸੰਗੀਤ ਸਤਿਗੁਰੂ ਜੀ ਦੇ ਰੋਮ -ਰੋਮ ਵਿੱਚ ਵਸਿਆ ਹੋਇਆ ਸੀ। ਉਹਨਾਂ ਨੇ ਸ੍ਰੀ ਭੈਣੀ ਸਾਹਿਬ ਵਿੱਚ ਨਾਮਧਾਰੀ ਨੌਜਵਾਨਾਂ ਨੂੰ ਦਿਨ ਰਾਤ ਇੱਕ ਕਰਕੇ ਸੰਗੀਤ ਦੀ ਵਿਦਿਆ ਤਾਮੀਲ ਕਰਵਾਈ। ਉਹਨਾਂ ਬੱਚਿਆ ਨੂੰ ਆਪਣੇ ਹੱਥੀ ਸੰਗੀਤ ਦੀ ਵਿਦਿਆ ਦੇ ਕੇ ਸੰਸਾਰ ਦੇ ਉਚ ਕੋਟੀ ਦੇ ਸੰਗੀਤਕਾਰਾਂ ਦੀ ਕਤਾਰ ਵਿੱਚ ਖੜਾ ਕਰ ਦਿੱਤਾ। ਅੱਜ ਸੰਸਾਰ ਦੇ ਵੱਖ-ਵੱਖ ਮਹਾਂਦੀਪਾ ਵਿੱਚ ਨਾਮਧਾਰੀ ਸੰਗੀਤਕਾਰਾਂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਝੰਡਾ ਬੁਲੰਦ ਕੀਤਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੁਪਨਾ ਚਿਤਵਿਆ ਸੀ।

(ਬਾਕੀ ਸਫਾ 6 'ਤੇ)

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸ਼ਹੀਦਾਂ ਨਮਿਤ ਮੇਲਾ

ਲੁਧਿਆਣਾ, 26 ਨਵੰਬਰ: ਦੇਸ਼ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਬਹੁਤ ਜਿਆਦਾ ਸ਼ਹੀਦੀਆਂ ਦਿਤੀਆਂ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਏ ਕੂਕਾ ਅੰਦੋਲਨ ਵਿੱਚ ਹਿੱਸਾ ਲੈਂਦਿਆਂ ਸੂਬਾ ਗਿਆਨੀ ਰਤਨ ਸਿੰਘ ਅਤੇ ਸੰਤ ਰਤਨ ਸਿੰਘ ਨਾਈ ਵਾਲਾ ਨੂੰ 26 ਨਵੰਬਰ 1871ਈ. ਪੁਰਾਨੀ ਜੇਲ ਵਿੱਚ ਬੋਹੜ ਨਾਲ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਉਹਨਾਂ ਸ਼ਹੀਦਾਂ ਦੀ ਯਾਦ ਵਿੱਚ ਅੱਜ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿੱਖੇ ਮੇਲਾ ਕੀਤਾ ਗਿਆ।

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਨਾਮ ਸਿੰਘ ਅਤੇ ਜਥੇ ਨੇ ਕੀਤਾ। ਨਾਮਧਾਰੀ ਵਿਦਿਅਕ ਜਥੇ ਵਲੋਂ 2 ਹਵਨ ਸ਼ਹੀਦਾਂ ਦੀ ਯਾਦ ਵਿੱਚ ਕੀਤੇ ਗਏ ਅਤੇ 5 ਸਧਾਰਨ ਪਾਠਾਂ ਦੇ ਭੋਗ ਪਾਏ ਗਏ।

2 ਪਾਠ ਸ਼ਹੀਦਾਂ ਦੀ ਯਾਦ ਵਿੱਚ
1 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ
1 ਪਾਠ ਮਾਤਾ ਪਿਤਾ ਜੀ ਯਾਦ ਵਿੱਚ
1 ਪਾਠ ਦਾ ਭੋਗ ਘਰ ਦੀ ਸੁੱਖ ਸ਼ਾਂਤੀ ਲਈ ਸੰਤ ਗੁਰਸੇਵ ਸਿੰਘ, ਸੰਤ ਗੁਰਦਿਆਲ ਸਿੰਘ ਸੂਰਾ ਦੇ ਪਰਵਾਰ ਵਲੋਂ ਪਾਏ ਗਏ।

10:30 ਵਜੇ ਸੂਬਾ ਨਿਰੰਜਨ ਸਿੰਘ ਟਮਕੋੜੀ ਨੇ ਦਿਵਾਨ ਸਜਾਇਆ, 11 ਤੋਂ 12 ਵਜੇ ਤਕ ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਦਿਵਾਨ ਲਗਾ ਸ਼ਹੀਦਾਂ ਦੇ ਜੀਵਨ ਬਾਰੇ ਅਤੇ ਉਹਨਾਂ ਦੀ ਸ਼ਹੀਦੀ ਬਾਰੇ ਵਿਸਥਾਰ ਨਾਲ ਵਖਿਆਨ ਕੀਤਾ।

(ਬਾਕੀ ਸਫਾ 2 'ਤੇ)

ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

# ਬੋਲ ਕੁਬੋਲ ਸਹਿ ਜਾਣਾ ਸਭ ਦਾ

ਸਤਿਗੁਰੂ ਰਾਮ ਸਿੰਘ ਜੀ ਨੇ ਰਹਿਤਨਾਮੇ ਵਿਚ ਲਿਖਿਐ, **"ਬੋਲ ਕੁਬੋਲ ਸਹਿ ਜਾਣਾ ਸਭ ਦਾ"** ਅਤੇ ਰਹਿਤਨਾਮੇ ਵਿਚ ਰਹਿਤ ਦੱਸੀ ਹੈ, ਇਸ਼ਨਾਨ ਪਾਣੀ ਕਰਕੇ ਬਾਣੀ ਪੜ੍ਹਨ ਦੀ, ਨਿਤਨੇਮ ਕਰਨ ਦੀ। ਹਵਨ ਕਰਨ ਦੀ, ਸਮਾਜਕ ਸਾਂਝ ਰੱਖਣ ਦੀ ਤੇ ਮਿੱਤਰ ਵੈਰੀ ਨਾਲ ਵਿਹਾਰ ਸਹੀ ਰੱਖਕੇ ਸਦਾਚਾਰ ਉੱਚਾ ਸੁੱਚਾ ਰੱਖਣ ਦੀ। ਪਰ ਗੁਰੂ ਦੇ ਸਿੱਖ ਕਿਸੇ ਨੂੰ ਵੈਰੀ ਨਹੀਂ ਸਮਝਦੇ ਸਗੋਂ ਜੇ ਕੋਈ ਉਨ੍ਹਾਂ ਪ੍ਰਤੀ ਵੈਰ ਭਾਵ ਰਖਦਾ ਹੈ ਉਸ ਪ੍ਰਤੀ ਸਿਖਾਂ ਦਾ ਰਵੱਈਆ ਕੈਸਾ ਹੋਵੇ ਦਾ ਉਤਰ ਬੋਲ ਕੁਬੋਲ ਸਹਿਣ ਵਿਚ ਹੈ।

ਬੋਲ ਕੁਬੋਲ ਸ਼ੁਭ ਬਚਨ ਨਹੀਂ ਹੁੰਦੇ। ਇਹ ਤਾਂ ਅਸ਼ੁਭ ਬਚਨ ਹੁੰਦੇ ਹਨ। ਇਹ ਹਿਰਦੇ ਵੇਦਕ ਹੁੰਦੇ ਹਨ। ਬੋਲ ਕੁਬੋਲ ਬੋਲਣ ਵਾਲਾ ਮੰਦਾ ਬੋਲਦਾ ਹੈ ਤੇ ਨੁਕਸ ਕੱਢਦਾ ਹੈ। ਉਸਦੇ ਦੁਰ ਬਚਨ ਸੂਲਾਂ ਵਾਂਗ ਚੁੰਬਣ ਵਾਲੇ ਹੁੰਦੇ ਹਨ। ਬਸ ਇਹ ਸਮਝਿਆ ਜਾਏ ਕਿ ਦੂਸਰੇ ਦਾ ਦਿਲ ਦੁਖਾਉਣ ਲਈ, ਉਹ ਜਾਣ ਕੇ, ਉਚੇਚੇ ਤੌਰ ਤੇ ਅਪਸ਼ਬਦ ਕਹਿੰਦਾ ਹੈ।

ਬੋਲ ਕੁਬੋਲ ਸਿੱਧੇ ਜਾਂ ਅਸਿੱਧੇ ਰੂਪ ਵਿਚ ਜਿਵੇਂ ਵੀ ਬੋਲੇ ਜਾਂਦੇ ਹਨ ਉਨਾਂ ਰਾਹੀਂ, ਜਿਸ ਪ੍ਰਤੀ ਬੋਲੇ ਜਾਂਦੇ ਹਨ ਉਸ ਨੂੰ ਹੀ ਨਹੀਂ, ਉਸਦੀ ਧੀ-ਭੈਣ, ਬਾਲ-ਬੱਚੇ ਕੁੱੜ ਜਾਂ ਖਾਨਦਾਨ ਨੂੰ ਵੀ ਭੈੜਾ ਆਖਿਆ ਜਾਂਦਾ ਹੈ। ਜਿਸ ਧਰਮ ਜਾਂ ਸੰਸਥਾ ਨਾਲ ਉਹ ਜੁੜਿਆ ਹੈ ਬੋਲ ਕੁਬੋਲ ਵਾਲਾ ਉਸ ਸੰਸਥਾ, ਉਸਦੇ ਆਗੂ, ਗੁਰੂ-ਪੀਰ ਪ੍ਰਤੀ ਵੀ ਅਪਸ਼ਬਦ ਵਰਤਦਾ ਹੈ। ਭਾਵੇਂ ਉਸ ਨਾਲ ਉਸਦਾ ਵਾਸਤਾ ਕੋਈ ਨਾ ਹੋਵੇ। ਫਿਰ ਵੀ ਉਸ ਨੂੰ ਊਜਾਂ ਲਾਉਂਦਾ ਹੈ। ਉਸ ਵੱਲ ਉਂਗਲ ਕਰਦਾ ਹੈ, ਉਸਦੇ ਨੁਕਸ ਕੱਢਦਾ ਹੈ। ਉਸਨੂੰ ਮਾੜਾ ਭੈੜਾਂ ਕਹਿੰਦਾ ਹੈ।

ਬੋਲ ਕੁਬੋਲ ਸੁਣਨ ਵਾਲਾ ਆਮ ਤੌਰ ਤੇ ਦੁਖੀ ਹੁੰਦਾ ਹੈ, ਔਖਾ ਹੁੰਦਾ ਹੈ, ਉਸਦਾ ਤਨ ਮਨ ਵਿੰਨ੍ਹਿਆ ਜਾਂਦਾ ਹੈ। ਅੰਦਰ ਬੇਚੈਨੀ ਹੁੰਦੀ ਹੈ। ਬੇਇਜ਼ਤ ਜਿਹਾ ਮਹਿਸੂਸ ਕਰਦਾ ਹੈ। ਕੁਝ ਕਰ ਬੈਠਦਾ ਹੈ। ਉਹ ਬੋਲ ਕੁਬੋਲ ਬੋਲਣ ਵਾਲੇ ਨਾਲ ਲੜਾਈ ਝਗੜਾ ਕਰਦਾ ਹੈ। ਕਈ ਵਾਰ ਡਾਂਗ ਸੋਟਾ ਚਲਦਾ ਹੈ। ਜਾਨੀ ਨੁਕਸਾਨ ਹੁੰਦਾ ਹੈ, ਮਾਲੀ ਤਾਂ ਹੋਣਾ ਹੀ ਹੁੰਦਾ ਹੈ। ਫਿਰ ਇਹ ਗੱਲ ਇਥੇ ਹੀ ਨਹੀਂ ਮੁਕਦੀ ਕਈ ਹਾਲਤਾਂ ਵਿਚ ਲੜਾਈ ਪੀੜ੍ਹੀ-ਦਰ ਪੀੜੀ ਅਗੇ ਚਲੀ ਜਾਂਦੀ ਹੈ। ਦੁਸ਼ਮਣੀ ਘਰ ਕਰ ਜਾਂਦੀ ਹੈ। ਜੇ ਕੋਈ ਚੁੱਪ ਕਰਕੇ ਬਹਿਣਾ ਵੀ ਚਾਹੇ ਤਾਂ ਬੋਲੀ ਮਾਰਨ ਵਾਲੇ ਫਿਰ ਭੁਬਲ ਦੀ ਅੱਗ ਭਖਾ ਦੇਂਦੇ ਹਨ। ਖਾਨਦਾਨੀ ਦੁਸਮਣੀ ਫਿਰ ਨਵਾਂ ਰੂਪ ਧਾਰਦੀ ਹੈ ਅਤੇ ਅਣਸੋਚਿਆ ਨੁਕਸਾਨ ਹੁੰਦਾ ਹੈ।

ਕੋਈ ਕਮਜ਼ੋਰ ਬੰਦਾ, ਬੋਲ ਕੁਬੋਲ ਤੋਂ ਦੁਖੀ ਹੁੰਦਾ ਹੈ, ਉਸ ਦੇ ਅੰਦਰ ਦੀ ਸ਼ਾਤੀ ਭੰਗ ਹੋ ਜਾਂਦੀ ਹੈ। ਉਹ ਸੜਦਾ ਕਰਿਝਦਾ ਰਹਿੰਦਾ ਹੈ। ਆਪਣੀ ਕਮੀ ਕਮਜ਼ੋਰੀ ਤੇ ਝੂਰਦਾ ਰਹਿੰਦਾ ਹੈ। ਪ੍ਰੇਸ਼ਾਨੀ ਉਸਦਾ ਪਿੱਛਾ ਨਹੀਂ ਛੱਡਦੀ। ਉਹ ਆਪਣਾ ਗੁੱਸਾ ਆਪਣੇ ਤੋਂ ਮਾੜੇ ਤੇ ਕੱਢਦਾ ਹੈ। ਮਾੜਿਆਂ ਵਿਚੋਂ ਮਾੜੇ ਛੋਟੇ, ਪਤਨੀ ਜਾਂ ਬੱਚੇ ਹੀ ਹੋ ਸਕਦੇ ਹਨ। ਇਸ ਦੇ ਨਤੀਜੇ ਵਜੋਂ ਘਰ ਦਾ ਅਮਨ ਚੈਨ ਕਾਫੂਰ ਹੋ ਜਾਂਦਾ ਹੈ।

ਜਾਂ ਫਿਰ ਜਦੋਂ ਆਪਣੇ ਆਪ ਤੇ ਹੀ ਭਾਰ ਪੈਂਦਾ ਹੈ।ਕਮਜੋਰ ਦੁਖੀ ਬੰਦਾ ਫਿਸ ਪੈਂਦਾ ਹੈ, ਰੋਂਦਾ ਹੈ, ਕੁਰਲਾਉਂਦਾ ਹੈ। ਟੱਕਰਾਂ ਮਾਰਦਾ ਹੈ ਤੇ ਪ੍ਰੇਸ਼ਾਨ ਹੋਇਆ ਸਮਝ ਨਹੀਂ ਸਕਦਾ ਕਿ ਉਸ ਨੇ ਤਾਂ ਕਿਸੇ ਦਾ ਕੁਝ ਨਹੀਂ ਵਿਗਾੜਿਆ ਫਿਰ ਵੀ ਉਸ ਪ੍ਰਤੀ ਬੋਲ ਕੁਬੋਲ ਕਿਉਂ ਬੋਲਿਆ ਜਾਂਦਾ ਹੈ। ਉਸਨੂੰ ਚੋਭਾ ਕਿਉਂ ਲਗਾਈਆਂ ਜਾਂਦੀਆਂ ਹਨ।

ਬੋਲ ਕੁਬੋਲ ਕਰਨ ਵਾਲੇ ਨੂੰ ਬਿਨਾਂ ਕਿਸੇ ਗਿਲੇ ਦੂਜੇ ਦਾ ਵਿਹਾਰ ਬੁਰਾ ਲੱਗਦਾ ਹੈ, ਅਨੁਚਿਤ ਲੱਗਦਾ ਹੈ। ਉਹ ਭਜਨ ਬੰਦਗੀ ਕਰਨ ਵਾਲੇ ਨੂੰ ਵੀ ਗੱਲਾਂ ਕਰਦਾ ਹੈ। ਭਾਵੇਂ ਉਸ ਨੂੰ ਦੂਜੇ ਦੇ ਚੰਗੇ ਵਿਹਾਰ ਦੀ ਸਮਝ ਤਾਂ ਹੁੰਦੀ ਨਹੀਂ ਫਿਰ ਵੀ ਉਹ ਜ਼ਬਾਨ ਮੂੰਹ ਵਿਚ ਨਹੀਂ ਪਾਉਂਦਾ, ਜਿਵੇਂ ਬੋਲ ਕੁਬੋਲ ਕਰਨ ਵਾਲਾ ਸੂਰਜ ਗ੍ਰਹਿਣ ਸਮੇਂ ਉਡਦਾ ਪੰਛੀ ਹੋਵੇ, ਬੇ-ਸਮਝ ਅਗਿਆਨੀ। ਜਦੋਂ ਸੂਰਜ ਗ੍ਰਹਿਣ ਲੱਗਦਾ ਹੈ ਤਾਂ ਸੂਰਜ ਤੇ ਧਰਤੀ ਵਿਚ ਚੰਦਰਮਾ ਆਉਣ ਨਾਲ ਪ੍ਰਿਥਵੀ ਉਤੇ ਸੂਰਜ ਦਾ ਪ੍ਰਕਾਸ਼ ਬਿਲਕੁਲ ਨਹੀਂ ਪੈਂਦਾ।ਪੂਰਨ ਸੂਰਜ ਗ੍ਰਹਿਣ ਤੋਂ ਪਹਿਲਾਂ ਸੂਰਜ ਦੇ ਰੋਸ਼ਨ ਹੋਣ ਸਮੇਂ ਆਲ੍ਹਣਿਆਂ ਤੋਂ ਪੰਛੀ ਬਾਹਰ ਉਡ ਜਾਂਦੇ ਹਨ। ਪਰ ਗ੍ਰਹਿਣ ਕਾਰਨ ਛੇਤੀਂ ਹਨੇਰਾ ਹੋਣ ਲੱਗਦਾ ਹੈ ਸੋ ਉਹ ਬੇਚੈਨ ਹੋ ਜਾਂਦੇ ਹਨ ਤੇ ਆਲ੍ਹਣਿਆਂ ਨੂੰ ਮੁੜਨ ਲੱਗਦੇ ਹਨ। ਬੋਲ ਕੁਬੋਲ ਕਰਨ ਵਾਲਾ ਐਸੇ ਪੰਛੀਆਂ ਵਾਂਗ ਗ੍ਰਹਿਣੀ ਬੁੱਧੀ ਕਾਰਨ ਭਜਨ ਬੰਦਗੀ ਕਰਨ ਵਾਲੇ ਨੂੰ ਵੀ ਗੱਲਾਂ ਕਰਦਾ ਹੈ।

ਸਤਿਗੁਰੂ ਨਾਨਕ ਦੇਵ ਜੀ ਨੂੰ ਵੀ ਬੋਲ ਕੁਬੋਲ ਕਰਨ ਵਾਲਿਆਂ ਦੀਆਂ ਗੱਲਾਂ ਸੁਣਨੀਆਂ ਪਈਆਂ। ਆਪ ਨੇ ਮਾਰੂ ਰਾਗ ਵਿਚ ਲਿਖਿਆ ਹੈ :

*ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ।।*
*ਕੋਈ ਆਖੈ ਆਦਮੀ ਨਾਨਕੁ ਵੇਚਾਰਾ।।*

-(ਮਹਲਾ 1)

ਪਰ ਅਸਲ ਸਥਿਤੀ ਇਹ ਸੀ :

*ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ।।*
*ਹਉ ਹਰਿ ਬਿਨੁ ਅਵਰੁ ਨ ਜਾਨਾ।।*

(ਮਹਲਾ 1)

ਇਸ ਦਾ ਕਾਰਣ ਵੀ ਸਪਸ਼ਟ ਹੈ :

*ਭਗਤਾ ਤੈ ਸੈਸਾਰੀਆ*
*ਜੋੜੁ ਕਦੇ ਨਾ ਆਇਆ।।* (ਗੁਰੂ ਨਾਨਕ)

ਸੰਸਾਰੀ, ਭਗਤਾਂ ਪ੍ਰਤੀ ਬੋਲ ਕੁਬੋਲ ਬੋਲਦੇ ਹਨ। ਸਤਿਗੁਰੂ ਰਾਮ ਸਿੰਘ ਜੀ ਨੇ ਨਸ਼ਿਆਂ ਪੱਤਿਆਂ ਵਿਚ ਲੱਗੇ ਲੋਕਾਂ ਦਾ ਨਸ਼ੇ ਛੱਡਣ ਲਈ ਮਨੋਬਲ ਵਧਾਇਆ। ਉਹਨਾਂ ਦਾ ਸਦਾਚਾਰ ਉਚਾ ਕੀਤਾ। ਉਹਨਾਂ ਨੂੰ ਸਮਾਜ ਵਿਚ ਮਾਣ ਦੁਆਇਆ। ਉਹਨਾਂ ਅੰਦਰ ਪ੍ਰਭੂ ਭਗਤੀ ਦੇ ਨਾਲ ਦੇਸ਼ ਭਗਤੀ ਉਜਾਗਰ ਕੀਤੀ। ਜਿਸ ਦੇ ਸਿੱਟੇ ਵਜੋਂ ਲੱਖਾਂ ਲੋਕ ਉਹਨਾਂ ਦੇ ਝੰਡੇ ਹੇਠ ਆ ਕੇ ਪਸ਼ੂ ਪ੍ਰੇਤਾਂ ਦਾ ਜੀਵਨ ਛੱਡ ਕੇ ਦੇਵਤਿਆਂ ਵਰਗਾ ਜੀਵਨ ਜਿਉਣ ਲੱਗੇ। ਉਹ ਸੰਤ ਬਣ ਗਏ।

ਆਮ ਸਮਝ ਵਾਲੇ ਜਾਂ ਈਰਖਾਲੂ ਉਹਨਾਂ ਨੂੰ ਗੱਲਾਂ ਕਰਨ ਲੱਗੇ।

ਇਹ ਖਦਸ਼ਾ ਸੀ ਕਿ ਜੇ ਭਜਨ ਬੰਦਗੀ ਵੱਲ ਲੱਗੇ ਵਿਅਕਤੀ ਲੋਕਾਂ ਦੀਆਂ ਗੱਲਾਂ ਸੁਣਕੇ, ਉਹਨਾਂ ਦਾ ਬੋਲ ਕੁਬੋਲ ਸੁਣਕੇ, ਵਿਚਲਿਤ ਹੋ ਗਏ ਤਾਂ ਭਜਨੀਕ ਆਪਣੇ ਮਾਰਗ ਤੋਂ ਭਟਕ ਜਾਣਗੇ। ਉਹ ਖੁਦ ਬੋਲ ਕੁਬੋਲ ਕਹਿਣ ਲੱਗ ਜਾਣਗੇ। ਇਸ ਨਾਲ ਉਹਨਾਂ ਦੀ ਸਾਤਵਿਤ ਬਿਰਤੀ ਪ੍ਰਭਾਵਿਤ ਹੋਵੇਗੀ, ਉਹਨਾਂ ਦੀ ਇਕਾਗਰਤਾ ਭੰਗ ਹੋਵੇਗੀ।

ਉਹ ਕਈ ਕਮੀਆਂ ਕਮਜ਼ੋਰੀਆਂ ਦਾ ਸਾਹਮਣਾ ਕਰਨ ਦੀ ਥਾਂ ਉਹਨਾਂ ਦਾ ਸ਼ਿਕਾਰ ਹੋ ਜਾਣਗੇ।

ਸਤਿਗੁਰੂ ਸਿੱਖਾਂ ਨੂੰ ਮੰਦੇ ਕਰਮ ਕਰਨੋ, ਮੰਦੇ ਪਾਸੇ ਜਾਣੋ, ਮੰਦੀ ਸੰਗਤ ਕਰਨੋ, ਮੰਦੇ ਖਾਣੇ ਖਾਣੋ ਵਰਜਦਾ ਹੈ ਤਾਂਕਿ ਉਸ ਦਾ ਸਿੱਖ ਆਪਣੇ ਸਹੀ ਮਾਰਗ ਤੋਂ ਭਟਕੇ ਨਾ। ਸਤਿਗੁਰੂ ਰਾਮ ਸਿੰਘ ਜੀ ਨੇ ਇਹੀ ਕੀਤਾ। ਆਪਨੇ ਰਹਿਮਨਾਮੇ ਵਿਚ ਲਿਖਕੇ ਭੇਜਿਆ ਕਿ, "ਬੋਲ ਕੁਬੋਲ ਸਹਿ ਜਾਣਾ ਸਭ ਦਾ।"

ਰਹਿਤ ਵਿਚ ਬੋਲ ਕੁਬੋਲ ਸਹਿ ਜਾਣ ਸ਼ਾਮਲ ਕਰਨ ਦਾ ਮਤਲਬ, ਪਰਚਾ ਸ਼ਹਿਨਸ਼ੀਲਤਾ ਦਾ। ਜਦ ਸ਼ਹਿਨਸ਼ੀਲਤਾ ਆ ਜਾਂਦੀ ਹੈ ਤਾਂ ਵਿੱਥਾਂ ਹੱਦਬੰਦੀਆਂ ਮਿਟ ਜਾਂਦੀਆਂ ਹਨ, ਕੋਈ ਬਿਗਾਨਾ ਨਹੀਂ ਰਹਿੰਦਾ। ਬੋਲ ਕੁਬੋਲ ਕਰਨ ਵਾਲੇ ਨੂੰ ਉਤਰ ਵਿਚ ਜੇ ਕੁਝ ਕਿਹਾ ਹੀ ਨਹੀਂ ਜਾਣਾ ਤਾਂ ਉਸ ਨੇ ਸ਼ਰਮਿੰਦਾ ਹੋਣਾ ਹੈ। ਉਂਜ ਸਹਿਣ ਕਰਨਾਂ ਬਹੁਤ ਉੱਚੀ ਅਵਸਥਾ ਦੀ ਗੱਲ ਹੈ।

ਇਕ ਘਟਨਾ ਹੈ ਮਹਾਤਮਾ ਬੁੱਧ ਨਾਲ ਸੰਬੰਧਿਤ। ਮਹਾਤਮਾ ਬੁੱਧ ਨੂੰ ਕਿਸੇ ਮੰਦਾ ਫਿਕਾ ਬੋਲਿਆ। ਉਹ ਚੁੱਪ ਕਰ ਰਹੇ। ਇਸ ਦਾ ਕਾਰਨ ਪੁਛਿਆ ਗਿਆ ਤਾਂ ਉਹਨਾਂ ਕਿਹਾ ਕਿ ਕਿਸੇ ਕੋਲੋਂ ਖੈਰ ਮੰਗਣ ਜਾਈਏ, ਜੇ ਖੈਰ ਮੰਗਣ ਵਾਲਾ ਭਿੱਛਿਆ ਝੋਲੀ ਨਹੀਂ ਪੁਆਉਂਦਾ ਤਾਂ ਉਹ ਭਿੱਛਿਆ ਮੰਗਣ ਵਾਲੇ ਕੋਲ ਰਹੀ ਨਾ। ਏਸੇ ਤਰ੍ਹਾਂ ਮੰਦਾ ਫਿਕਾ ਬੋਲਿਆ ਉਸ ਕੋਲ ਹੀ ਰਿਹਾ। ਭਾਵੇਂ ਇਸ ਦਲੀਲ ਨਾਲ ਮੰਦਾ ਬੋਲਣ ਵਾਲੇ ਨੂੰ ਸਮਝ ਆ ਗਈ, ਉਸ ਪਸ਼ਚਾਤਾਪ ਕੀਤਾ। ਪਰ ਨਰਮ ਸ਼ਬਦਾਂ ਵਿਚ ਹੀ ਸਹੀ, ਇਸ ਵਿਚ ਮੰਦਾ ਬੋਲਣ ਵਾਲੇ ਪ੍ਰਤੀ ਪ੍ਰਗਟ ਕੀਤਾ ਪ੍ਰਤੀਕਰਮ ਤਾਂ ਹੈ। ਸਹਿ ਜਾਣਾ ਇਸ ਤੋਂ ਉਚੀ ਅਵਸਥਾ ਹੈ।

ਬੋਲ ਕੁਬੋਲ ਸਹਿਣ ਦੀ ਅਵਸਥਾ ਔਖੀ ਬਣਦੀ ਹੈ। ਪਰ ਸੁਖ ਵੀ ਤਾਂ ਉਚਾਈਆਂ ਨੂੰ ਛੂਹਣ ਵਿਚ ਹੈ। ਨਾਮਧਾਰੀ ਸਿੱਖਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਉਚੀ ਅਵਸਥਾ ਵਾਲੇ ਭਜਨੀਕ ਸੰਤ ਹੋਏ ਹਨ। ਉਹਨਾਂ ਤਪ ਤੇਜ ਵਾਲੇ ਸੰਤਾਂ ਅੰਦਰ ਸ਼ਹਿਨਸ਼ੀਲਤਾ, ਸੁਹਿਰਦਤਾ, ਨਿਮਰਤਾ, ਮਿੱਠਤ ਰਹੀ ਹੈ। ਉਹਨਾਂ ਪੰਜਾ ਸੂਰਬੀਰਾਂ ਨੂੰ ਵੀ ਮਾਰਿਆ ਹੈ। ਸਤਿਗੁਰ ਦੇ ਚਰਨਾਂ ਉਤੇ ਭਰੋਸਾ ਰੱਖਿਆ ਹੈ, ਬੁਰੇ ਦਾ ਭਲਾ ਕੀਤਾ ਹੈ, ਗੁੱਸਾ ਨਹੀਂ ਹੰਢਾਇਆ। ਉਹਨਾਂ ਗੁਆਇਆ ਕੁਝ ਵੀ ਨਹੀਂ, ਖੱਟਿਆ ਕਮਾਇਆ ਹੈ। ਉਹਨਾਂ ਕਿਸੇ ਦੇ ਬੋਲ ਕੁਬੋਲ ਦਾ ਗੁੱਸਾ ਨਹੀਂ ਕੀਤਾ, ਖਿਮਾ ਕੀਤਾ ਹੈ।

ਅੱਜ ਵੀ ਐਸੇ ਸਿੱਖ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮ ਕੀਤਾ ਹੋਇਆ ਹੈ ਕਿ ਰਹਿਤਨਾਮੇ ਦਾ ਨਿਤਾ-ਪ੍ਰਤੀ ਪਾਠ ਕਰਨਾ ਹੈ। ਇਸੇ ਨਾਲ ਸ਼ਬਦਾਂ ਦੇ ਅਰਥ ਸਮਝ ਵਿਚ ਆਉਣਗੇ। ਫਿਰ ਹੁਕਮ ਮੰਨਣ ਦੀ ਪੌੜੀ ਚੜ੍ਹ ਕੇ, ਬੋਲ ਕੁਬੋਲ ਸਹਿ ਕੇ, ਸੁਖ ਵੰਡ ਸਕੀਦਾ ਹੈ। ਸੁਖ ਵਿਹਾਜ਼ ਸਕੀਦਾ ਹੈ, ਲੜਾਈ ਝਗੜੇ ਮੁਕਾ ਸਕੀਦੇ ਹਨ, ਸਭ ਝਗੜੇ ਝਾਂਜੇ ਛੁਟ ਜਾਂਦੇ ਹਨ। ਇਸ ਦੇ ਨਤੀਜੇ ਵਜੋਂ ਸਭ ਆਪਣੇ ਮੀਤ ਹੋਣਗੇ। ਸਾਰਾ ਸੰਸਾਰ ਚੰਗਾ ਚੰਗਾ, ਪਿਆਰਾ ਪਿਆਰਾ ਲਗੇਗਾ। ਇਸ ਸਮੇਂ ਸਿਮਰਨ ਕਰਨ ਸਮੇਂ ਬਿਰਤੀ ਟਿਕੇਗੀ, ਕਿਉਂਕਿ ਕੋਈ ਵਿਚਾਰ ਇਸ ਨੂੰ ਡੁਲਾਉਣ ਵਾਲਾ ਨਹੀਂ ਹੋਵੇਗਾ। ਆਪੇ ਅਵੱਸਥਾ ਇਕ ਚਿੱਤ ਹੋ ਕੇ ਧਿਆਉਣ ਵਾਲੀ ਬਣੀ ਰਹੇਗੀ। ਇਸ ਅਵਸਥਾ ਲਈ ਸਤਿਗੁਰੂ ਸੱਚੇ ਪਾਤਸ਼ਾਹ ਜੀ ਕਿਰਪਾ ਕਰਨਗੇ ਅਤੇ ਆਪ ਸਹਾਈ ਹੋਣਗੇ। ਬਸ ਸਿਖਾਂ ਨੇ ਤਾਂ ਬੋਲ ਕੁਬੋਲ ਸਹਿਣ ਦੀ ਗੰਢ ਪੀਢੀ ਕਰਕੇ ਬੰਨ੍ਹ ਲੈਣੀ ਹੈ।

**ਤਾਰਾ ਸਿੰਘ ਅਨਜਾਣ**

# ਸ਼ਹੀਦਾਂ ਨਮਿਤ ਮੇਲਾ...(ਬਾਕੀ ਸਫਾ 1 ਦੀ)



**ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਸ਼ਹੀਦਾਂ ਨਮਿਤ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਆਪਣੇ ਆਸਣ ਤੇ ਸੁਸੋਭਿਤ, ਹਜ਼ੂਰੀ ਵਿਚ ਸ. ਮਲਕੀਤ ਸਿੰਘ ਦਾਖਾ ਆਪਣੇ ਵਿਚਾਰ ਪੇਸ਼ ਕਰਦੇ ਹੋਏ।**

12 ਵਜੇ ਨਾਮ ਸਿਮਰਨ ਦੀ ਅਰਦਾਸ ਕੀਤੀ ਗਈ। ਨਾਮ ਸਿਮਰਨ ਦੌਰਾਨ ਸ੍ਰੀ ਸਤਿਗੁਰੂ ਜੀ ਨੇ ਆਣ ਦਰਸ਼ਨ ਦਿਤੇ ਨਾਲ ਸ੍ਰੀ ਮਾਤਾ ਚੰਦ ਕੌਰ ਜੀ ਵੀ ਸਾਧ ਸੰਗਤ ਨਾਲ ਸ਼ਹੀਦਾਂ ਨੂੰ ਸ਼ਰਧਾ ਦੇ ਫੁਲ ਅਰਪਿਤ ਕਰਨ ਆਏ। 1 ਵਜੇ ਕੀਰਤਨ ਆਰੰਭ ਹੋਇਆ ਸੰਤ ਸੁਖਵਿੰਦਰ ਸਿੰਘ ਲਾਇਲ, ਰਾਗੀ ਕਿਰਪਾਲ ਸਿੰਘ ਪਨੇਸਰ, ਉਸਤਾਦ ਸੁਖਵਿੰਦਰ ਸਿੰਘ ਪਿੰਕੀ, ਜਥੇਦਾਰ ਅਮਰੀਕ ਸਿੰਘ ਨੇ ਸ਼ਬਦ

"ਸੂਰਬੀਰਾਂ ਸਾਜੇ ਘੋਰ ਬਾਜੇ ਬਾਜੇ"

"ਜੇ ਤੂੰ ਮਿੱਤਰ ਅਸਾਡਾ ਇੱਕ ਭੋਰੀ ਨਾ ਵਿਸਾਰ" ਪੜਿਆ।

ਸ਼ਹੀਦਾਂ ਨੂੰ ਸ਼ਰਧਾਂਜਲੀ

ਸੇਵਕ ਹਰਪਾਲ ਸਿੰਘ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਸੂਬਾ ਗਿਆਨੀ ਰਤਨ ਸਿੰਘ ਅਤੇ ਸੰਤ ਰਤਨ ਸਿੰਘ ਨਾਈ ਵਾਲਾ ਤੇ ਅੰਗਰੇਜ਼ ਸਰਕਾਰ ਨੇ ਇਹ ਇਲਜਾਮ ਲਗਾਇਆ ਕਿ ਇਹ ਸਰਕਾਰ ਦੇ ਵਿਰੁੱਧ ਪ੍ਰਚਾਰ ਕਰਦੇ ਹਨ। ਜਦੋ ਇਹਨਾਂ ਨੂੰ ਫਾਂਸੀ ਦੇਣ ਲੱਗੇ ਤਾਂ ਜੇਲਰ ਨੇ ਮੂੰਹ ਫੇਰ ਲਿਆ ਤਾਂ ਇਹਨਾ ਸ਼ੇਰਾਂ ਨੇ ਕਿਹਾ, "ਕਿ ਬਿਲਿਆ ਹੁਣ ਮੂੰਹ ਕਿਉ ਫੇਰਦਾ ਹੈ, ਅਸੀਂ ਫੇਰ ਕਿਸੇ ਮਾਂ ਦਾ ਪੇਟ ਗੰਦਾ ਕਰ ਕੇ ਜਨਮ ਲਵਾਂਗੇ ਤੇ ਉਦੋਂ ਤਕ ਆਉਂਦੇ ਰਹਾਂਗੇ ਜਦੋ ਤਕ ਅਸੀਂ ਦੇਸ਼ ਨੂੰ ਆਜਾਦ ਨਹੀਂ ਕਰਵਾ ਲੈਂਦੇ" ਉਹਨਾਂ ਕਿਹਾ ਕਿ ਲੁਧਿਆਣਾ ਤੇ ਸ੍ਰੀ ਸਤਿਗੁਰੂ ਜੀ ਦੀ ਵਿਸ਼ੇਸ਼ ਕ੍ਰਿਪਾ ਹੈ ਜੋ ਮੇਲੇਰਕੋਟਲੇ ਦਾ ਮੇਲਾ, ਰਾਏਕੋਟ ਦਾ ਮੇਲਾ, ਰਾਈਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਅਤੇ 26 ਨਵੰਬਰ ਦਾ ਮੇਲਾ ਲੁਧਿਆਣਾ ਨੂੰ ਮਿਲਿਆ ਹੋਇਆ ਹੈ। ਅੱਜ ਦੇ ਮੇਲੇ ਦੀ ਸੇਵਾਸਵਰਗ ਵਾਸੀ ਸੰਤ ਰਜਿੰਦਰ ਸਿੰਘ ਸੂਰਾ ਦੇ ਸਪੁੱਤਰ ਸੰਤ ਗੁਰਦੇਵ ਸਿੰਘ, ਸੰਤ ਗੁਰਦਿਆਲ ਸਿੰਘ ਨੂੰ ਮਿਲੀ ਹੈ।

ਸ. ਮਲਕੀਤ ਸਿੰਘ ਦਾਖਾ (ਸਾਬਕਾ ਮੰਤਰੀ ਪੰਜਾਬ) ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁਲ ਅਰਪਿਤ ਕਰਦਿਆਂ ਕਿਹਾ, "ਦੇਸ਼ ਦੀ ਆਜ਼ਾਦੀ ਲਈ ਨਾਮਧਾਰੀਆਂ ਨੇ ਬਹੁਤ ਕੁਰਬਾਨੀਆਂ ਕੀਤੀਆਂ ਹਨ ਕਿਸ ਤਰ੍ਹਾਂ 66 ਸ਼ਹੀਦਾਂ ਨੂੰ ਤੋਪ ਨਾਲ ਮੇਲੇਰਕੋਟਲੇ ਸ਼ਹੀਦ ਕਰ ਦਿਤਾ ਗਿਆ, ਅੰਮ੍ਰਿਤਸਰ,ਰਾਏਕੋਟ, ਅਤੇ ਲੁਧਿਆਣਾ ਵਿਖੇ ਸ਼ਹੀਦੀਆਂ ਪਾਈਆਂ ਇਹਨਾਂ ਦਾ ਦੇਣਾ ਅਸੀਂ ਕਦੀ ਨਹੀਂ ਦੇ ਸਕਦੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ. ਬੇਅੰਤ ਸਿੰਘ ਅਤੇ ਉਹਨਾਂ ਦੇ ਅਹੁਦੇਦਾਰਾਂ ਤੋਂ ਬਹੁਤ ਕੰਮ ਲਿਆ ਹੈ ਅਤੇ ਮੈ ਅੱਜ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੂੰ ਇੱਕ ਵਿਸ਼ਵਾਸ ਦਿਵਾਉਂਦਾ ਹਾਂ ਕੇ ਸਾਡੀ ਜਿਥੇ ਵੀ ਜਰੂਰਤ ਪਵੇ ਅਸੀਂ ਹਰ ਵੇਲੇ ਹਾਜ਼ਰ ਹਾਂ।"

ਸੰਤ ਸੁਰਿੰਦਰ ਸਿੰਘ ਨਾਮਧਾਰੀ ਨੇ ਬੋਲਦਿਆਂ ਕਿਹਾ ਕਿ ਕੋਈ ਸਮਾਂ ਸੀ ਸਾਡੇ ਕੋਲ ਸ਼ਹੀਦਾਂ ਦੀ ਕੋਈ ਨਿਸ਼ਾਨੀ ਨਹੀਂ ਸੀ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਸ਼ਹੀਦਾਂ ਦੀਆਂ ਯਾਦਗਾਰਾਂ ਬਣਾ ਸਕੇ ਹਾਂ। ਜਿਸ ਵਿੱਚ ਸ. ਬੇਅੰਤ ਸਿੰਘ ਦਾ ਬਹੁਤ ਵਡਾ ਯੋਗਦਾਨ ਹੈ। ਅੱਜ ਮਲੇਰਕੋਟਲੇ ਦਾ ਸਮਾਰਕ ਦੇਖੱਣ ਯੋਗ ਹੈ ਰਾਏਕੋਟ ਅਤੇ ਲੁਧਿਆਣਾ ਵੀ ਯਾਦਗਾਰਾਂ ਸ਼ੁਰੂ ਹੋਣ ਵਾਲੀਆਂ ਹਨ। ਮੈ ਸ੍ਰੀ ਸਤਿਗੁਰੂ ਜੀ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਜੋ ਆਪ ਜੀ ਅੱਜ ਦਰਸ਼ਨ ਦਿੱਤੇ ਹਨ, ਮੈ ਇਹੀ ਅਰਜ਼ ਕਰਾਂਗਾ ਕੀ ਸਾਡੇ ਤੇ ਇਸ ਤਰ੍ਹਾਂ ਹੀ ਕਿਰਪਾ ਬਣਾਈ ਰੱਖਣਾ।

ਸੂਬਾ ਹਰਭਜਨ ਸਿੰਘ ਨੇ ਦੂਰੋ ਨੇੜਿਓ ਆਈ ਸੰਗਤ ਅਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ, ਮਾਤਾ ਚੰਦ ਕੌਰ ਜੀ, ਬੀਬੀ ਗੁਰਸ਼ਰਨ ਕੌਰ ਅਤੇ ਆਏ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ਹੀਦਾਂ ਦੀ ਯਾਦ ਵਿੱਚ ਮੇਲਾ ਹੋਣ ਨਾਲ ਸਾਡੇ ਬੱਚਿਆ ਨੂੰ ਸਾਡੇ ਵਿਰਸੇ ਬਾਰੇ ਪਤਾ ਚੱਲਦਾ ਹੈ ਉਹਨਾਂ ਦੱਸਿਆ ਕਿ 27 ਦਸੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਫਤਿਹਗੜ੍ਹ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮੇਲਾ ਹੋਵੇਗਾ।

ਸ੍ਰੀ ਸਤਿਗੁਰੂ ਜੀ ਨੇ ਆਏ ਵਿਸ਼ੇਸ਼ ਮਹਿਮਾਨਾਂ ਸ. ਮਲਕੀਤ ਸਿੰਘ ਦਾਖਾ, ਸ. ਗੁਰਪ੍ਰੀਤ ਸਿੰਘ ਗੋਗੀ, ਸ. ਰੁਪਿੰਦਰ ਸਿੰਘ (S. S. P. Vigilance), ਸ. ਜਗਦੀਪ ਸਿੰਘ (D.S.P Vigilance), ਪ੍ਰਧਾਨ ਕੁੰਦਨ ਸਿੰਘ, ਸੰਦੀਪ ਵਡੇਰਾ (S.H.O) ਸ. ਕੁਲਦੀਪ ਸਿੰਘ (S.I), ਨੂੰ ਮਾਲਾ ਪਾ ਕੇ ਸਨਮਾਨਿਤ ਕੀਤਾ।

**-ਬਲਵੀਰ ਸਿੰਘ**

## ਗੁਰ-ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

# ਅਸੀਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਸਾਰਾ ਕੁਝ ਕਰ ਰਹੇ ਹਾਂ

ਸਾਰੇ ਗਜ ਕੇ ਆਖੋ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ।

ਸੰਤ ਧਿਆਨ ਸਿੰਘ ਜੀ ਲਿਖਦੇ ਹਨ-

**ਰਾਮ ਕਹਿਤ ਚਿਤ ਥਿੱਤ ਹੋਇ**
**ਸਿੰਘ ਕਹਿਤ ਭੈ ਹਾਨ।।**
**ਤਾਂਤੇ ਮਿਤ ਨਿਤ ਮੰਤ ਜਪ**
**ਰਾਮ ਸਿੰਘ ਭਗਵਾਨ।।**

ਸਤਿਗੁਰੂ ਪ੍ਰਤਾਪ ਸਿੰਘ ਦੇ ਉਪਦੇਸ਼ ਵਿਚ ਤੁਸਾਂ ਸੁਣਿਆ ਹੈ ਕਿ ਸਤਿਗੁਰੂ ਰਾਮ ਸਿੰਘ ਦੇ ਸਿੱਖ ਕਿਸ ਤਰ੍ਹਾਂ ਦੇ ਸਨ। ਇਕ ੮-੧੦ ਸਾਲ ਦਾ ਬੱਚਾ, ਵਰਿਆਮ ਸਿੰਘ (ਜਿਹੜਾ ਬਾਅਦ ਵਿਚ ਵਰਿਆਮ ਸਿੰਘ ਮੁਸੱਵਰ ਕਰਕੇ ਪ੍ਰਸਿਧ ਹੋਇਆ) ਮਸਤਾਨਾ ਹੋਇਆ। ਜਲ ਰਹੇ ਅੰਗੀਠੇ ਵਿਚ ਜਾ ਵੜਦਾ ਹੈ। ਉਹਨੂੰ ਕੋਈ ਫੜਦਾ ਨਹੀਂ। ਪਰ ਉਹ ਜਲਿਆ ਨਹੀਂ।

ਸਤਿਗੁਰੂ ਰਾਮ ਸਿੰਘ ਜੀ ਨੇ ਅਜਿਹੇ ਸਿੱਖ ਬਣਾਏ ਜਿਨ੍ਹਾਂ ਬਾਣੀ ਦੀਆਂ ਤੁਕਾਂ ਨੂੰ ਜੀਵਨ ਵਿਚ ਢਾਲ ਕੇ ਵਖਾਇਆ।

ਸਤਿਗੁਰੂ ਰਾਮ ਸਿੰਘ ਜੀ ਰਾਜੇ ਸਾਂਸੀ ਦੇ ਕੋਲ ਦੀ ਲੰਘਦੇ ਨੇ। ਇਕ ਸਿੱਖ ਨੇ ਘੋੜੇ ਦੀ ਵਾਗ ਫੜ ਲਈ। ਉਸ ਕਿਹਾ "ਲੰਗਰ ਛਕੋ" ਏਥੇ ਸਤਿਗੁਰਾਂ ਨੂੰ ਉਸਦਾ ਲੰਗਰ ਛਕਣਾ ਪਿਆ। ਬਾਣੀ ਦੀਆਂ ਤੁਕਾਂ ਨੂੰ ਸਿੱਖ ਨੇ ਜੀਵਨ ਵਿਚ ਸਫਲ ਕਰ ਵਖਾਇਆ ਕਿ--

**ਮੇਰੀ ਬਾਂਧੀ ਭਗਤੁ ਛਡਾਵੈ**
**ਬਾਂਧੈ ਭਗਤੁ ਨ ਛੂਟੈ ਮੋਹਿ।।**

ਭਗਤ ਬਣਨਾ ਬੜਾ ਔਖਾ ਹੈ। ਸਤਿਗੁਰੂ ਦੇ ਹੁਕਮ ਵਿਚ ਰਹਿ ਕੇ ਭਗਤੀ ਕਰਨੀ ਹੋਰ ਵੀ ਔਖੀ ਹੈ। ਜਿੰਨਾਂ ਚਿਰ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਨਹੀਂ ਮੰਨਦੇ ਸਾਡੀ ਗਤੀ ਨਹੀਂ ਹੁੰਦੀ। ਲੜਾਈ ਝਗੜਿਆਂ ਵਿਚ ਫਸੇ ਰਹਿੰਦੇ ਹਾਂ। ਸਤਿਗੁਰੂ ਨੂੰ ਸਿੱਖ ਉਹ ਚੰਗਾ ਲਗਦਾ ਹੈ ਜੋ ਸਾਸ ਗਿਰਾਸ ਸਮੇਂ ਵੀ ਨਾਮ ਦਾ ਜਾਪ ਕਰਦਾ ਹੈ ਜਿਵੇਂ-

**ਜੋ ਸਾਸਿ ਗਿਰਾਸਿ ਧਿਆਏ**



**ਮੇਰਾ ਹਰਿ ਹਰਿ**
**ਸੋ ਗੁਰਸਿਖੁ ਗੁਰੂ ਮਨਿ ਭਾਵੈ।।**

ਜੇ ਆਪਾਂ ਏਸ ਤਰ੍ਹਾਂ ਕਰੀਏ ਤਾਂ ਸਾਡਾ ਜ਼ਰੂਰ ਹੀ ਪਾਰਉਤਾਰਾ ਹੋਵੇਗਾ।

ਜਿਹੜੇ ਮਾਸ ਸ਼ਰਾਬ ਦੀ ਵਰਤੋਂ ਕਰਦੇ ਹਨ ਉਹ ਛੱਡ ਕੇ ਭਜਨ ਪੁਛ ਲੈਣ ਤੇ ਭਜਨ ਕਰਿਆ ਕਰੋ। ਜਰਮਨੀ, ਕੈਨੇਡਾ, ਇੰਗਲੈਂਡ ਵਿਚ ਲੋਕ ਮਾਸ ਖਾਣਾ ਛਡਦੇ ਜਾਂਦੇ ਨੇ। ਗਿਆਨੀ ਹਰਿੰਦਰ ਸਿੰਘ (ਐਮ. ਐਲ. ਏ.) ਨੇ ਦੱਸਿਆ ਕਿ ਉਸਦੇ ਬੱਚੇ ਅਮਰੀਕਾ ਵਿਚ ਸਾਬਤ ਸੂਰਤ ਸਿੱਖ ਹਨ। ਕੈਨੇਡਾ ਵਿਚ ਨਾਮਧਾਰੀ ਸਿੱਖ ਤੀਹ ਮੀਲ ਤੋਂ ਚਸ਼ਮੇ ਦਾ ਪਾਣੀ ਲਿਆ ਕੇ ਲੰਗਰ ਕਰਦੇ ਹਨ ਨਲਕੇ ਦਾ ਪਾਣੀ ਨਹੀਂ ਵਰਤਦੇ।

# ਟਰਾਂਟੋ ਵਿਚ ਸ੍ਰੀ ਸਤਿਗੁਰੂ ਜੀ ਦਾ ਅਵਤਾਰ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਨਾਮਧਾਰੀ ਸੰਗਤ ਟਰਾਂਟੋ ਨਿਵਾਸੀਆਂ ਨੇ 21 ਅਤੇ 22 ਨਵੰਬਰ 2015 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਵਤਾਰ ਪੁਰਬ ਬੜੀ ਸ਼ਰਧਾ ਭਾਵਨਾ ਸਹਿਤ ਨਾਮ ਸਿਮਰਨ, ਕਥਾ ਕੀਰਤਨ, ਕਵਿਤਾਵਾਂ, ਗੀਤਾਂ ਦੁਆਰਾ, ਹਵਨ ਅਤੇ ਹੋਰ ਵਰਨੀਆਂ ਕਰਕੇ ਮਨਾਇਆ।

21 ਨਵੰਬਰ ਨੂੰ ਪਹਿਲਾਂ ਅੰਮ੍ਰਿਤ ਵੇਲੇ ਹਰ ਰੋਜ਼ ਦੀ ਤਰ੍ਹਾਂ 4.30 ਤੋਂ 5.30 ਤੱਕ ਨਾਮ ਸਿਮਰਨ ਹੋਇਆ ਅਤੇ ਸੇਵਕਾਂ ਵਲੋਂ ਸਫਾਈ ਤੇ ਲਾਈਟਿੰਗ ਕਰਕੇ ਸਟੇਜ ਤੇ ਹਾਲ ਨੂੰ ਸਵਾਰਿਆ ਸ਼ਿੰਗਾਰਿਆ ਗਿਆ। ਸ਼ਾਮ ਨੂੰ 6 ਵਜੇ ਨਾਮ ਸਿਮਰਨ ਦੀ ਅਰਦਾਸ ਹੋਈ ਅਤੇ ਨਾਂਮ ਸਿਮਰਨ ਕਰਦਿਆਂ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤਰ ਉਪਦੇਸ਼ਾਂ ਨੂੰ ਸਰਵਣ ਕੀਤਾ।

ਸ਼ਬਦ ਕੀਰਤਨ ਦਾ ਆਰੰਭ ਬੱਚੀ ਸਰਗੁਨ ਕੌਰ ਤੇ ਫਤਿਹ ਸਿੰਘ ਦੇ ਸ਼ਬਦ ***"ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ"*** ਨਾਲ ਹੋਇਆ। ਇਹਨਾਂ ਨਾਲ ਤਬਲੇ ਤੇ ਸਾਥ ਸੰਤ ਹਰਪਾਲ ਸਿੰਘ ਕੱਲਾ ਨੇ ਕੀਤਾ। ਬੱਚੀ ਹਰਦੇਵ ਕੌਰ ਨੇ ਸ਼ਬਦ ਸੁਣਾਇਆ :

***ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ।।***

ਦਰਸ਼ਨ ਸਿੰਘ ਪੰਧੇਰ ਤੇ ਈਸਰ ਸਿੰਘ ਦਾ ਸ਼ਬਦ ਸੀ : ***ਸਗਲੇ ਜੰਤ ਭਜਹੁ ਗੋਪਾਲੈ।।***

ਬੱਚੀ ਗਿਆਨ ਕੌਰ ਨੇ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਗੀਤ ਸੁਣਾਇਆ:

*ਆਓ ਸਤਿਗੁਰ ਸ੍ਰੀ ਜਗਜੀਤ ਦਿਆਂ ਚਰਨਾਂ 'ਚ ਸੀਸ ਨਿਵਾ ਲਈਏ।*
*ਇਸ ਡਗਮਗ ਕਰਦੀ ਕਿਸ਼ਤੀ ਨੂੰ ਸਹਿਜੇ ਹੀ ਪਾਰ ਲਗਾ ਲਈਏ।*

ਇਹਨਾਂ ਨਾਲ ਤਬਲੇ ਤੇ ਰਤਨ ਸਿੰਘ, ਹਾਰਮੋਨੀਅਮ ਤੇ ਗੁਰਮੁਖ ਸਿੰਘ ਤੇ ਬੰਸਰੀ ਤੇ ਸੂਬਾ ਰੇਸ਼ਮ ਸਿੰਘ ਨੇ ਸਾਥ ਦਿੱਤਾ।

ਬੱਚੀ ਗੁਰਬਖਸ਼ ਕੌਰ ਨੇ ***"ਰਾਮ ਰਾਮ ਬੋਲਿ ਬੋਲਿ ਖੋਜਤੇ ਬਡਭਾਗੀ।।*** ਸ਼ਬਦ ਸੁਣਾਇਆ। ਤਬਲੇ ਤੇ ਸਾਥ ਸੰਤ ਹਰਪਾਲ ਸਿੰਘ ਕੱਲਾ ਨੇ ਦਿੱਤਾ। ਸੰਤ ਅਮਰੀਕ ਸਿੰਘ ਰਾਗੀ ਨੇ ਸ਼ਬਦ ਗਾਇਨ ਕੀਤਾ :

***ਬਲਿਓ ਚਰਾਗੁ ਅੰਧਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ।।***

ਨੌਜਵਾਨ ਦਰਸ਼ਨ ਸਿੰਘ ਪਨੇਸਰ ਨੇ ਤੰਤੀ ਸਾਜ ਨਾਲ ਸ਼ਬਦ ਸੁਣਾਇਆ–

***ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ।।***

ਇਸ ਨਾਲ ਤਬਲੇ ਤੇ ਸਾਥ ਨੌਜਵਾਨ ਜੈ ਸਿੰਘ ਨੇ ਦਿੱਤਾ।

ਗੀਤਾਂ ਕਵਿਤਾਵਾਂ ਦਾ ਆਰੰਭ **ਬੀਬੀ ਕਸ਼ਮੀਰ ਕੌਰ** ਦੇ ਗੀਤ ਨਾਲ ਹੋਇਆ। ਉਸਦੇ ਗੀਤ ਦੇ ਬੋਲ ਸਨ :

*ਗੁਰ ਜਗਜੀਤ ਸਿੰਘ ਸਭ ਦਾ ਪਿਆਰਾ ਏ।*
*ਉਹਦੇ ਜਿਹਾ ਹੋਰ ਨਾ ਕੋਈ ਜੱਗ ਤੇ ਸਹਾਰਾ ਏ।*

ਗੀਤ ਤੋਂ ਪਹਿਲਾਂ ਰੁਬਾਈ ਸੁਣਾਈ :

*ਵੰਨ ਸੁਵੰਨੇ ਰੂਪ ਧਾਰਦਾ ਜੁਗ ਜੁਗੰਤਰੋਂ ਆਇਆ।*
*ਦਇਆ ਧਰਮ ਦੀਆਂ ਰਿਸ਼ਮਾ ਸੁਟ ਸੁਟ ਜਿਸ ਜੱਗ ਨੂੰ ਰੁਸ਼ਨਾਇਆ।*
*ਸਦਕੇ ਮਾਤ ਭੁਪਿੰਦਰ ਗੁਰੂ ਪ੍ਰਤਾਪ ਦੇ ਜਾਵਾਂ।*
*ਜਿਹਨਾਂ ਦੇ ਗ੍ਰਹਿ ਭੈਣੀ ਸਾਹਿਬ ਵਿਚ ਗੁਰੂ ਜਗਜੀਤ ਸਿੰਘ ਆਇਆ।*

**ਬੀਬੀ ਰਾਨੀ** ਦੇ ਗੀਤ ਦੇ ਸ਼ਬਦ ਸਨ :

*ਜਿਹੜੇ ਰੀਤ ਪ੍ਰਤੀਤ ਦੇ ਨਹੀਂ ਪੱਕੇ।*
*ਕਿਵੇਂ ਉਹਨਾਂ ਦੀ ਪੁਛ ਪੜਤਾਲ ਹੋਵੇ।*
*ਐ ਸਤਿਗੁਰੂ ਜਗਜੀਤ ਸਿੰਘ, ਐ ਸਤਿਗੁਰੂ ਜਗਜੀਤ ਸਿੰਘ।*

**ਸੂਬਾ ਗੁਰਦਿਆਲ ਸਿੰਘ** ਸਟੇਜ ਤੇ ਕਵਿਤਾ ਸੁਣਾਉਣ ਲਈ ਆਏ ਸਨ ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਮ ਜਪਣ ਬਾਰੇ ਦਿਤੇ ਹੁਕਮਾਂ ਨੂੰ ਸੁਣਾ ਕੇ ਹੀ ਮੁਆਫੀ ਮੰਗ ਲਈ। ਉਹਨਾਂ ਦਾ ਵਿਸ਼ਾ ਸੀ "ਨਾਮ ਬਿਨਾ ਜੋ ਪਹਿਰੇ ਖਾਇ"।

**ਸੰਤ ਅਜੀਤ ਸਿੰਘ ਲਾਇਲ** ਨਾਮਧਾਰੀ ਦਰਬਾਰ ਦੇ ਸਕੱਤਰ ਜੋ ਮਹਾਨ ਵਿਦਵਾਨ, ਕਵੀ, ਸ਼ਾਇਰ ਤੇ ਨਾਮਧਾਰੀ ਸਟੇਜ ਦਾ ਸ਼ਿੰਗਾਰ ਹਨ ਨੇ ਆਪਣੀ ਸ਼ਾਇਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਮ ਨਾਲ ਪੇਸ਼ ਕੀਤੀ। ਬੋਲ ਸਨ :

*ਸੋਚਦਾ ਹਾਂ ਮਹਿਕ ਦੀ ਲਿਖਤ ਵਿਚ ਤੇਰਾ ਨਾਂ ਲਿਖਾਂ।*

ਹੱਲੇ ਦੇ ਦਿਵਾਨ ਦਾ ਆਰੰਭ ਕਾਕਾ ਗੁਰਬਖਸ਼ ਸਿੰਘ ਦੀ ਇਸ ਧਾਰਨਾ ਨਾਲ ਹੋਇਆ–

*ਧਾਰ ਕੇ ਅਵਤਾਰ ਜਗ ਆਇਆ ਦੁਖੀਆਂ ਦੇ ਦੁਖ ਸੁਣਨੇ।*

ਇਸ ਨੇ ਸਤਿਗੁਰੂ ਜੀ ਦੇ ਅਵਤਾਰ ਧਾਰਨ ਸਮੇਂ ਦਾ ਦ੍ਰਿਸ਼ ਆਪਣੇ ਸ਼ਬਦਾਂ ਦੁਆਰਾ ਪੇਸ਼ ਕੀਤਾ।

**ਸੂਬਾ ਰੇਸ਼ਮ ਸਿੰਘ** ਦੇ ਦਿਵਾਨ ਦੀਆਂ ਧਾਰਨਾਵਾਂ ਸਨ –

– *ਮਨ ਵਜੀਆਂ ਵਧਾਈਆਂ ਅੱਜ ਮੇਰਾ ਸਤਿਗੁਰ ਆਇਆ ਏ।*
– *ਰੂਪ ਇਲਾਹੀ ਅਰਸ਼ਾਂ ਤੋਂ ਧਰ ਅਵਤਾਰ ਆਇਆ ਏ।*

ਸੂਬਾ ਜੀ ਨੇ ਬਹੁਮੁਲੀਆਂ ਸਾਖੀਆਂ ਸੁਣਾ ਕੇ ਸਾਧ ਸੰਗਤ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਸਤਤ ਨਾਲ ਜੋੜਿਆ। ਅੱਜ ਦੇ ਲੰਗਰ ਦੀ ਸੇਵਾ ਸੂਬਾ ਰੇਸ਼ਮ ਸਿੰਘ ਦੇ ਪਰਿਵਾਰ ਵਲੋਂ ਬੜੇ ਪਿਆਰ ਨਾਲ ਕੀਤੀ ਗਈ।

22 ਨਵੰਬਰ ਨੂੰ ਅੰਮ੍ਰਿਤ ਵੇਲੇ 4.30 ਤੋਂ 5.30 ਤਕ ਨਾਮ ਸਿਸਮਰਨ ਹੋਇਆ ਤੇ ਆਸਾ ਦੀ ਵਾਰ ਸਰਵਨ ਕੀਤੀ ਗਈ। ਉਪਰੰਤ 2 ਚੋਪਈ ਦੀਆਂ ਵਰਨੀਆਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਵਤਾਰ ਧਾਰਨ ਦੀ ਖੁਸ਼ੀ ਵਿਚ ਕੀਤੀਆਂ ਗਈਆਂ। ਇਕ ਵਰਨੀ ਸਿੰਘਾਂ ਵਲੋਂ ਤੇ ਇਕ ਵਰਨੀ ਬੀਬੀਆਂ ਵਲੋਂ। ਖੁਸ਼ੀ ਦੀ ਗੱਲ ਹੈ ਕਿ ਪਹਿਲਾਂ ਜਿਥੇ ਇੰਗਲੈਂਡ ਨਿਵਾਸੀ ਬੀਬੀਆਂ ਸਤਿਗੁਰੂ ਉਦੈ ਸਿੰਘ ਜੀ ਤੋਂ ਆਗਿਆ ਲੈ ਕੇ ਮਰਯਾਦਾ ਅਨੁਸਾਰ ਇਕ ਹਵਨ ਕਰ ਚੁੱਕੀਆਂ ਹਨ। ਓਥੇ ਟਰਾਂਟੋਂ ਦੀਆਂ ਬੀਬੀਆਂ ਵੀ ਪਿਛੇ ਨਹੀਂ ਰਹੀਆਂ ਇਹਨਾਂ ਨੇ ਵੀ ਪੂਰੀ ਸੁੱਚ ਸੋਧ ਮਰਯਾਦਾ ਅਨੁਸਾਰ ਅੱਜ ਇਕ ਹਵਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਵਤਾਰ ਪੁਰਬ ਦੀ ਖੁਸ਼ੀ 'ਚ ਕਰਕੇ ਨਵਾਂ ਇਤਿਹਾਸ ਸਿਰਜਿਆ ਹੈ। ਹਵਨ ਕਰਨ ਵਾਲੀਆਂ ਬੀਬੀਆਂ ਦੇ ਨਾ ਇਸ ਪ੍ਰਕਾਰ ਹਨ :

ਬੀਬੀ ਬਿੰਦਰ ਕੌਰ, ਬੀਬੀ ਜਸਬੀਰ ਕੌਰ, ਬੀਬੀ ਸਿੰਦਰ ਕੌਰ, ਬੀਬੀ ਗੁਰਨਾਮ ਕੌਰ, ਬੀਬੀ ਸਵਿੰਦਰ ਕੌਰ, ਬੀਬੀ ਕੁਲਦੀਪ ਕੌਰ ਅਤੇ ਬੀਬੀ ਸਰਬਜੀਤ ਕੌਰ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਪੁਰਬ ਉਤੇ ਸੂਬਾ ਰੇਸ਼ਮ ਸਿੰਘ ਨੇ ਨੌਜਵਾਨਾਂ ਨੂੰ ਸ਼ੁੱਧ ਗੁਰਬਾਣੀ ਪੜ੍ਹਨ ਦੀ ਸਿਖਿਆ ਦੇਣ ਦੀ ਕਲਾਸ ਲਗਾਈ ਜੋ ਹਰ ਸ਼ਨੀਵਾਰ ਨੂੰ ਲਗਿਆ ਕਰੇਗੀ। ਇਸ ਤੋਂ ਇਲਾਵਾ ਸੂਬਾ ਜੀ ਨੇ ਨੌਜਵਾਨਾਂ ਨੂੰ ਸੋਧ ਮਰਯਾਦਾ ਬਾਰੇ ਦੱਸਿਆ ਤੇ ਨਾਲ ਸੋਧ 'ਚ ਵਰਤੀਆਂ ਜਾਣ ਵਾਲੀਆਂ ਵਸਤਾਂ ਨੌਜਵਾਨਾਂ ਨੂੰ ਦੇ ਕੇ ਇਸ ਪਾਸੇ ਲੱਗਣ ਲਈ ਪ੍ਰੇਰਿਤ ਕੀਤਾ।

**–ਗੁਰਦੀਪ ਸਿੰਘ ਨਾਮਧਾਰੀ**

1920 में स्थापित सतिजुग

# ਸ੍ਰੀ ਰਾਮ ਚਰਿਤ ਮਾਨਸ (ਰਾਮਾਇਣ)

(ਪਿਛੋਂ ਤੋਂ ਅਗੇਂ)

ਪੰਜਾਬੀ ਅਨੁਵਾਦਕ
✍ ਮਾਸਟਰ ਅਮਰੀਕ ਸਿੰਘ

## ਆਸ਼ਰਮ ਵਿਚ ਸ੍ਰੀ ਰਾਮ ਦੀ ਕਥਾ ਸੁਨਾਈ ਕਲਯ ਯਾਦਵ ਨੇ

ਵਿਚ ਅਜੁਧਿਆ ਦਸਰਥ ਰਾਜਾ ਅਤੇ ਕੁਸ਼ੱਲਿਆ ਰਾਣੀ,
ਉਹਨਾਂ ਦੇ ਘਰ ਜਨਮ ਹੈ ਲੈਣਾ ਗੱਲ ਕੱਚੀ ਨ ਜਾਣੀ।
ਰਘੁ ਕੁਲ ਤਾਈਂ ਭਾਗ ਲਗੇਗਾ ਰਾਮ ਦਾ ਨਾਮ ਧਰਾਵਾਂ,
ਨਾਰਦ ਕਦੀ ਸਰਾਫ਼ ਜੋ ਦਿੱਤਾ ਪੂਰਾ ਫੇਰ ਕਰਾਵਾਂ।
ਪੂਰੀ ਸ਼ਕਤੀ ਨਾਲ ਧਰਤ ਦੇ ਉੱਤੇ ਮੈਂ ਹੈ ਆਉਣਾਂ,
ਦੂਰ ਕਰਾਂਗਾ ਪਾਪ ਜਗਤ ਤੋਂ ਉੱਕਾ ਨਹੀਂ ਸ਼ਰਮੌਣਾ।
ਤੁਸੀਂ ਦੇਵਤੇ ਬਾਂਦਰ ਬਣ ਕੇ ਜਾਕੇ ਜਨਮ ਹੈ ਲੈਣਾ,
ਕਰੋ ਸਹਾਇਤਾ ਮੇਰੀ ਰਲ ਕੇ ਤਾਂ ਇਹ ਪਾਪ ਹੈ ਲਹਿਣਾ।
ਦੇ ਕੇ ਹੁਕਮ ਹਰੀ ਨਰਾਇਣ ਆਪ ਅਲੋਪ ਨੇ ਹੋਏ,
ਸਾਰੇ ਖੁਸ਼ ਹੋ ਵਾਪਸ ਪਰਤੇ ਮਿਲੇ ਅੰਗਮੀ ਢੋਏ।

(ਚਲਦਾ)

# एस्प्रिन से बढ़ती है महिलाओं में कैंसर की संभावना

एस्प्रिन को लेकर पिछले काफी समय से अध्यन हो रहे हैं। बोस्टन में ब्रिंघम एंड वीमेन्स हॉस्पिटल तथा हार्वर्ड मेडीकल स्कूल के शोधकर्ताओं द्वारा किये गये एक शोध के अनुसार एस्प्रिन के ज्यादा मात्रा से महिलाओं को पैनक्रिएटिक कैंसर होता है। एक अध्यन के दौरान पाया गया कि जो महिलाएं पिछले 18 वर्ष से एक हफते में 325 मि. ग्र. की दो से कम एस्प्रिन गोलियां खा रहीं हैं, उनकी तुलना में दो या उससे अधिक गोलियां खाने वाली महिलाओं में पैनक्रिएटिक कैंसर का खतरा 58 प्रतिशत ज्यादा था जबकि 20 वर्ष से 14 या इससे अधिक एस्प्रिन की गोलीयां खाने वाली महिलाओं में 86 प्रतिशत महिलाएं पैनक्रिएटिक कैंसर से पीड़त पाई गयी।

बोस्टन के कैसर नैशनल इंस्टीट्यूट के अनुसार एस्प्रिन की संतुलित मात्रा फायदेमंद होती है किन्तु इसकी जरुरत से ज्यादा मात्रा ज़हर का काम करने लगती है। आमतौर पर माना जाता है कि एस्प्रिन से फेफड़े और गले के कैंसर के अलावा ह्रदय संबंधी बीमारियों की संभावना कम होती है और यही कारण है कि लोग कम मिली. ग्राम वाली एस्प्रिन की गोली का प्रतिदिन सेवन करते हैं जो कि नुकसानदायक है। इस शोध के अनुसार डाकटर की सलाह लिये बिना दवाईयों का सेवन स्वास्थय सुधारने की बजाय गंभीर बिमारियों का कारण बन सकता है। अतः डाक्टरी परामर्श के बाद ही दवाईयों का सेवन किया जाना चाहिए। ■

# 17th SATGURU RAM SINGH INTER - SCHOOL KIRTAN COMPETITION

Listening to the Kirtan of the Lord and singing his praises, can bring us nearer to Him. The 17th Satguru Ram Singh Inter - School Kirtan Competition was held at Shaheed Bishan Singh Memorial Senior Secondary School, F-213 A, Mansarover Garden, New Delhi. It was a solemn and soulful experience, with strains of Shabad resonating the air. The Gurbani Kirtan Competition is an annual affair, which takes place each year in November. The competition aims to inculcate divinity and goodness of classical music in the minds of young children.

Music is the essence of all beings. Satguru Jagjit Singh Ji himself was a maestro of many ragas and rhythms. The occasion was graced by Chief Guest Shri Sarvjit Singh Minhas, Principal Guru Nanak Public School, Rajouri Garden (Elected Member of Governing council of CBSE, Ex Principal of Guru Harkrishan Public School, Vasant Vihar). He was welcomed by the Chairman Shri H.S. Hanspal, with a bouquet of flowers, a mala and a trophy and a gift. Shri Sarvjit Singh Minhas lighted the lamp, along with Shri H.S. Hanspal and members of management committee. The lighting of the lamp symbolizes knowledge, wisdom and prosperity.

Shri Sarvjit Singh Minhas addressed the students, exhorted and praised the high values of life propagated by the Namdhari Sikhs. The hon'ble judges were Dr. **Gurinder** Harnam Singh ( Prof. Delhi University), Mrs. Astinder Kaur (Principal of Music Centre) and Mrs. Roopjeet Kaur ( Music Teacher).

Music competition began with the home team rendering a soulful performance. Every team came well prepared and competition was neck to neck. Audience were spell bound to listen such soul feeding competition. While announcing the result, Dr. **Gurvinder** Harnam Singh congratulated the participants and their teachers for such beautiful presentation of Gurbani and ornamentation of ragas. She also highlighted the role of the music teachers. She further said that students must learn the meaning of the shabad and sing from heart while attaching themselves to the Almighty Lord.

**The results of this Kirtan Competition are as under:-**

| | | |
|---|---|---|
| | **JUNIOR GROUP** | |
| I | Guru Nanak Public School | Punjabi Bagh |
| II | Guru Harkrishan Public School | Nanak Piao |
| III | Guru Harkrishan Public School | Nihal Vihar |
| | **Consolation Prize** | |
| I | Guru Amardas Public School | Tilak Nagar |
| II | Guru Harkrishan Public School | Vasant Vihar |
| | **SENIOR GROUP** | |
| I | Guru Harkrishan Public School | Tilak Nagar |
| II | Guru Nanak Public School | Punjabi Bagh |
| III | Guru Harkrishan Public School | Punjabi Bagh |
| | **Consolation Prize** | |
| I | Guru Teg Bahadur 3rd Centenary School, | Mansarover Garden |
| II | Guru Amardas Public School | Tilak Nagar |

Prizes were distributed to all the winning teams by the Chairman and Members of management committee. The first prize included a trophy, cash prize of Rupees 2100/-, book Satguru Sobha, certificate, mala, Amrit-Kirtan and a gift, for II prize it was a cash of Rs 1500/-, trophy, mala and certificates and III prize it was a cash of Rs. 1100/-, trophy, mala and certificates. The judges were also honoured. The Inter School Gurbani Kirtan Competition was a phenomenal success. The programme was compeered by Mrs. Bhupinder Kaur and Mrs. Kulvinder Kaur. Mrs. Alka Sharma presented the vote of thanks.


## MATRIMONIALS

**Alliance invited for Namdhari girl, 25, 5 feet 6 inches, B.A., B.P.Ed., M.P.Ed., NET qualified, pursuing Ph.D in Physical Education, working as Assistant Professor (Physical Education) in C.M.K. College**

**Contact: 09466966513 Post Box: 991**



**SATJUG**

**Namdhari Gurdwara Ramesh Nagar, New Delhi-15**

**e-mail : satjugweekly@gmail.com**

**satjugweekly@hotmail.com**



**SATJUG**

**ESTABLISHED IN 1920**


# WOMEN IN SIKHI

*We all wish that our sisters and daughters are recognized for their achievements in life but what is most important as per Sri Satguru Jagjit Singh Ji's pious updesh is they become a Sikh first.*

*Sri Satguru Jagjit Singh Ji anointed not one but three Subas that were women and a General Secretary in the UK and now with the blessings of Sri Satguru Uday Singh Ji women are being re-empowered in all aspects of Sikhi.*

*Now if you step back and reflect for a moment it feels like once again a stone has been thrown into the water which is creating ripples all around and that stone has been thrown by Sri Satguru Uday Singh Ji at the epicentre of Sri Bhaini Sahib and the ripples are being felt worldwide.*

What I'm referring to is the religious activities that are being performed globally by women, some for the first time; examples include, Havan's, Varni's, The Ardas, Katha, Kirtan and the management for the day to day running of the Gurdwaras and many more all as a result of blessings of His Holiness and what we see and observe in Sri Bhaini Sahib.

And for some time women have been coming forward in Toronto and taking an active role in many of the religious ceremonies and giving performance on the stage with the support of the Subas and the committee members.

And let us not forget the Hukamnama of Sri Satguru Ram Singh Ji on equality of women that is being kept alive even today by His Holiness Sri Satguru Uday Singh Ji and we should be extremely proud of the accomplishments of these women.



**In Torono during parkash purab Sarbjit Kaur, Jasbir Kaur, Binder Kaur, Sinder Kaur, Gurnam Kaur, Swinder Kaur, Kuldip Kaur. doing Havan**

The Toronto Sadh Sangat, along with Subas and committee members are doing their bit by encouraging women, young and old to take a prominent role in Sikhi, see below some examples of this. Then finally after reading this article; ask yourself: is Namdhari community doing enough for women?

***Havan:*** Sarbjit Kaur, Jasbir Kaur, Binder Kaur, Sinder Kaur, Gurnam Kaur, Swinder Kaur, Kuldip Kaur.

***Katha:*** Rajinder Kaur (rani), Kashmir Kaur

***Hukamnama:*** Sukhwinder Kaur, Sarbjit Kaur.

***Kirtan:*** Gian Kaur, Gurbax Kaur

***Ardas:*** Sinder Kaur, Pardeep Kaur

***Langar Seva:*** Inderjit Kaur, Kuldip Kaur, Amandeep Kaur, Harpal Kaur, Sarbjit Kaur, Sinder Kaur, Harpreet Kaur

**Balbir Singh (Bobby).**

***SATJUG welcomes views of all readers to express their feelings, emotions and sentiments in English on various topics such as Religion, Meditation, Music, Vegetarianism, Healthcare, Absention from Alcohol, Social activities and Sports. -Editor***

# ਸ੍ਰੀ ਸਤਿਗੁਰੂ ਜਗਜੀਤ ਸਿੰਘਜੀ ਦੀ ਯਾਦ ਵਿਚ ਚੌਥਾ ਸੰਗੀਤ ਸੰਮੇਲਨ ਸੰਪੰਨ...(ਬਾਕੀ ਸਫਾ 1 ਦੀ)

ਹਰ ਨਾਮਧਾਰੀ ਪਰਵਾਰ ਦੇ ਬੱਚੇ ਵਿਚੋਂ ਸੰਗੀਤ ਦੀ ਖੁਸ਼ਬੋ ਆਵੇ ਨੂੰ ਸਾਕਾਰ ਕੀਤਾ। ਅੱਜ ਦੇਸ਼ ਤੋਂ ਬਿਨਾਂ ਵਿਦੇਸ਼ ਵਿਚ ਵੀ ਸੰਗੀਤਕਾਰਾਂ ਦੀ ਲੰਮੀ ਕਤਾਰ ਲਗ ਗਈ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜੀਵਨ ਦੇ ਹਰ ਪੱਖ ਤੋਂ ਮਾਨਵਤਾ ਦੀ ਅਗਵਾਈ ਕੀਤੀ। ਇਕ ਉਚ ਕੋਟੀ ਦੇ ਸੰਗੀਤਕਾਰ ਹੋਣ ਕਰਕੇ ਆਪ ਜੀ ਨੇ ਸਦਾ ਹੀ ਸੰਗੀਤਕਾਰਾਂ ਦੇ ਪ੍ਰਤਿਪਾਲਕ ਅਤੇ ਸੰਗੀਤ ਸੰਯੋਜਕਾਂ ਦੀ ਮਦਦ ਕੀਤੀ। ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਇਕ ਸੰਗੀਤ ਵਿਦਿਆਲਾ ਸਥਾਪਤ ਕੀਤਾ। ਇਥੇ ਬੱਚਿਆਂ ਨੂੰ ਸਿਖਾਉਣ ਵਾਸਤੇ ਉਸਤਾਦਾਂ ਨੂੰ ਰੱਖਿਆ ਗਿਆ ਜਿਥੇ ਇਹਨਾਂ ਨੇ ਬੱਚਿਆਂ ਨੂੰ ਸੰਗੀਤ ਸਿਖਾਇਆ। ਸ੍ਰੀ ਸਤਿਗੁਰੂ ਜੀ ਆਪ ਬਹੁਤ ਖਿਆਲ ਰਖਦੇ ਸਨ। ਇਕਲੇ ਇਕਲੇ ਬੱਚੇ ਕੋਲੋਂ ਰਾਗ ਸੁਣਦੇ ਤੇ ਨਾਲੇ ਦਸਦੇ। ਕੋਲ ਬਿਠਾ ਬਿਠਾ ਕੇ ਘੰਟਿਆਂ ਬੱਧੀ ਰਾਗ ਸਿਖਾਉਂਦੇ ਰਹਿੰਦੇ। ਸ੍ਰੀ ਸਤਿਗੁਰੂ ਜੀ ਦੀ ਮਿਹਤਨ ਸਦਕਾ ਤੇ ਉਹਨਾਂ ਦੀ ਕਿਰਪਾ ਨਾਲ ਇਸ ਸੰਗੀਤ ਵਿਦਿਆਲੇ ਵਿਚੋਂ ਉਚ ਕੋਟੀ ਦੇ ਕਲਾਕਾਰਾਂ ਨੇ ਜਨਮ ਲਿਆ। ਅੱਜ ਜਿਨਾਂ ਨੇ ਸ੍ਰੀ ਸਤਿਗੁਰੂ ਜੀ ਦਾ ਨਾਮ ਰੌਸ਼ਨ ਕੀਤਾ ਹੈ। ਇਕ ਸਮਾਂ ਸੀ ਜਦੋਂ ਸ੍ਰੀ ਭੈਣੀ ਸਾਹਿਬ ਵਿਖੇ ਰਾਗ ਦੀਆਂ ਸਿਰਫ ਇਕ ਦੋ ਜੋੜੀਆਂ ਹੁੰਦੀਆਂ ਸਨ ਪਰ ਅੱਜ ਤਾਂ ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕੀਤੀ ਹੈ ਘਰ ਘਰ ਰਾਗ ਦੀਆਂ ਜੋੜੀਆਂ ਬਣਾ ਦਿੱਤੀਆਂ ਹਨ। ਸ੍ਰੀ ਸਤਿਗੁਰੂ ਜੀ ਜਦੋਂ ਵੀ ਦੇਸ਼ ਵਿਦੇਸ਼ ਦੇ ਦੌਰੇ ਤੋਂ ਸ੍ਰੀ ਭੈਣੀ ਸਾਹਿਬ ਪਹੁੰਚਦੇ ਤਾਂ ਇੰਨੀ ਥਕਾਵਟ ਹੋਣ ਦੇ ਬਾਵਜੂਦ ਵੀ ਰਾਗੀ ਸਿੰਘਾਂ ਦੀ ਰਾਤ ਨੂੰ ਬੈਠਕ ਕਰਦੇ। ਆਪ ਜੀ ਵੀ ਘੰਟਿਆਂ ਬੱਧੀ ਬੈਠਕ ਕਰਦੇ। ਇਹ ਸਾਰੀ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸੀ।

**ਚੌਥਾ ਸੰਗੀਤ ਸੰਮੇਲਨ–** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਲਾਇਆ ਹੋਇਆ ਸੰਗੀਤ ਦਾ ਬੂਟਾ ਇਕ ਬਹੁਤ ਵੱਡਾ ਰੂਪ ਧਾਰਨ ਕਰ ਗਿਆ ਹੈ। ਇਸ ਸੰਗੀਤ ਰੂਪੀ ਪੌਦੇ ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਅਗੇ ਹੋਰ ਫੈਲਾਇਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਲਾਇਆ ਹੋਇਆ ਸੰਗੀਤ ਰੂਪੀ ਪੌਦੇ ਦਾ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਬਹੁਤ ਵਿਸਥਾਰ ਕਰ ਦਿੱਤਾ ਹੈ। ਅੱਜ ਹਰ ਸਾਲ ਉਹਨਾਂ ਦੀ ਪਾਵਨ ਯਾਦ ਨੂੰ ਸਮਰਪਿਤ ਲਗਾਤਾਰ ਸੰਗੀਤ ਸੰਮੇਲਨ ਕਰਵਾਏ ਜਾ ਰਹੇ ਹਨ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਇਸ ਸੰਗੀਤ ਫੁਲਵਾੜੀ ਨੂੰ ਅਗੇ ਲੈ ਜਾਣ ਦਾ ਬਹੁਤ ਵੱਡਾ ਉਪਰਾਲਾ ਕੀਤਾ ਹੈ। ਇਹ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਬਹੁਤ ਵੱਡੀ ਦੇਣ ਹੈ।

ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਯਾਦ ਵਿਚ ਚੌਥਾ ਸੰਗੀਤ ਸੰਮੇਲਨ ਆਯੋਜਿਤ ਕੀਤਾ ਗਿਆ ਜਿਸ ਵਿਚ ਉਚ ਕੋਟੀ ਦੇ ਸੰਸਾਰ ਪ੍ਰਸਿੱਧ ਕਲਾਕਾਰਾਂ ਨੇ ਆਪਣੀ ਕਲਾ ਦਾ ਪ੍ਰਦਰਸਨ ਕੀਤਾ। ਆਈ ਹੋਈ ਸੰਗਤ ਦਾ ਮਨ ਜਿਤ ਲਿਆ।

**ਸਟੇਜ**–ਚੌਥਾ ਸੰਗੀਤ ਸੰਮੇਲਨ ਸਿਮਰਤੀ ਮੰਦਰ ਵਿਚ ਕਰਵਾਇਆ ਗਿਆ। ਸਟੇਜ ਨੂੰ ਸੁੰਦਰ ਢੰਗ ਨਾਲ ਤਿਆਰ ਕੀਤਾ ਗਿਆ ਸੀ। ਇਕ ਪਾਸੇ ਸ੍ਰੀ ਸਤਿਗੁਰੂ ਜੀ ਦਾ ਆਸਣ ਸਸ਼ੋਭਿਤ ਸੀ। ਦੂਜੇ ਪਾਸੇ ਕਲਾਕਾਰਾਂ ਦੇ ਵਾਸਤੇ ਸਟੇਜ ਸੀ ਜਿਥੇ ਉਹਨਾਂ ਨੇ ਆਪਣੀ ਕਲਾ ਦਾ ਪ੍ਰਦਰਸਨ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁੰਦਰ ਤਸਵੀਰ ਰੱਖੀ ਗਈ ਸੀ। ਉਹਨਾਂ ਦੀ ਤਸਵੀਰ ਦੇ ਸਾਹਮਣੇ ਗੁਲਾਬ ਦੇ ਫੁੱਲ ਵਿਛਾਏ ਹੋਏ ਸਨ। ਜੋਤ ਪ੍ਰਚੰਡ ਕਰਨ ਲਈ ਜੋਤ ਰਖੀ ਗਈ ਸੀ। ਜਿਸ ਦਾ ਉਦਘਾਟਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਦੇ ਨਾਲ ਹੀ ਉਸਤਾਦ ਪੰਡਿਤ ਉਲਹਾਸ ਕੁਸ਼ਾਲਕਰ, ਪੰਡਿਤ ਯੋਗੇਸ ਸਾਮਸੀ, ਪੰਡਿਤ ਰਾਜੇਂਦਰ ਗੰਗਾਨੀ, ਉਸਤਾਦ ਸੁਖਵਿੰਦਰ ਸਿੰਘ ਨਾਮਧਾਰੀ, ਸੰਤ ਜਗਤਾਰ ਸਿੰਘ, ਰਾਗੀ ਬਲਵੰਤ ਸਿੰਘ ਨੇ ਵੀ ਜੋਤ ਪ੍ਰਚੰਡ ਕੀਤੀ। ਇਸ ਮੌਕੇ ਤੇ ਸਰੋਤਿਆਂ ਨੇ ਤਾੜੀਆਂ ਵਜਾ ਕੇ ਨਿਘਾ ਸੁਆਗਤ ਕੀਤਾ।

**ਲੰਗਰ ਦਾ ਇੰਤਜਾਮ–** ਬਾਹਰੋਂ ਆਏ ਵਿਸ਼ੇਸ਼ ਕਲਾਕਾਰਾਂ ਵਾਸਤੇ ਲੰਗਰ ਦਾ ਇੰਤਜਾਮ ਸੰਗੀਤ ਹਾਲ ਵਿਚ ਕੀਤਾ ਗਿਆ ਸੀ। ਪ੍ਰੋਗਰਾਮ ਤੋਂ ਬਾਅਦ ਉਹਨਾਂ ਨੂੰ ਉਥੇ ਹੀ ਲੰਗਰ ਛਕਾਇਆ ਗਿਆ ਸੀ।

**ਜੋੜਿਆ ਦਾ ਪ੍ਰਬੰਧ–** ਬਾਹਰੋਂ ਆਈ ਸੰਗਤ ਵਾਸਤੇ ਸਿਮ੍ਰਤੀ ਮੰਦਰ ਦੇ ਕੋਲ ਜੋੜਿਆਂ ਦਾ ਪ੍ਰਬੰਧ ਕੀਤਾ ਗਿਆ ਸੀ। ਦਿੱਲੀ ਦਾ ਨਿਸ਼ਕਾਮ ਸੇਵਕ ਜਥਾ ਇਹ ਸੇਵਾ ਕਰ ਰਿਹਾ ਸੀ। ਉਹਨਾਂ ਦੇ ਨਾਲ ਸਮਾਪਤੀ ਦੇ ਸਮੇਂ ਲੁਧਿਆਣੇ ਦੇ ਨੌਜਵਾਨਾਂ ਨੇ ਸਾਥ ਦਿੱਤਾ।

**ਬਾਹਰੋਂ ਆਈ ਸੰਗਤ ਵਾਸਤੇ ਜਲ ਪਾਣੀ**–ਜੋੜਾ ਘਰ ਦੇ ਨਾਲ ਹੀ ਪਾਣੀ ਅਤੇ ਚਾਹਟੇ ਦਾ ਇੰਤਜਾਮ ਕੀਤਾ ਗਿਆ ਸੀ। ਗਰਮ ਗਰਮ ਗੁਲਾਬ ਜਾਮਨ ਵੀ ਸਾਧ ਸੰਗਤ ਛਕ ਰਹੀ ਸੀ। ਇਸ ਦੀ ਸੇਵਾ ਸੰਤ ਸੁਰਜੀਤ ਸਿੰਘ, ਸੰਤ ਗੁਰਬਖਸ਼ ਸਿੰਘ, ਸੰਤ ਸੋਹਣ ਸਿੰਘ ਤੇ ਉਂਕਾਰ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਕੀਤੀ।

**ਐਲ. ਸੀ. ਡੀ. ਦਾ ਪ੍ਰਬੰਧ–** ਸੰਗਤਾਂ ਦੇ ਜ਼ਿਆਦਾ ਆਰਾਮ ਨੂੰ ਦੇਖਦੇ ਹੋਏ ਅੰਦਰ ਵੀ ਇਕ ਵੱਡੀ ਸਕਰੀਨ ਤਿਆਰ ਕੀਤੀ ਗਈ ਸੀ। ਇਸ ਤੋਂ ਬਿਨਾਂ ਬਾਹਰ ਬਰਾਂਡੇ ਵਿਚ ਤੇ ਜੋੜਾ ਘਰ ਅੰਦਰ ਦੇ ਮੇਨ ਗੇਟ ਤੇ ਵੱਡੀਆਂ ਸਕਰੀਨਾਂ ਦਾ ਬਹੁਤ ਵਧੀਆ ਇੰਤਜਾਮ ਕੀਤਾ ਗਿਆ ਸੀ। ਵੱਡੀ ਗਿਣਤੀ ਵਿਚ ਸਾਧ ਸੰਗਤ ਨੇ ਇਹਨਾਂ ਸਕਰੀਨਾਂ ਤੇ ਹੀ ਪ੍ਰੋਗਰਾਮ ਦਾ ਆਨੰਦ ਮਾਣਿਆ ਕਿਉਂਕਿ ਅੰਦਰ ਤਾਂ ਹਾਲ ਭਰਪੂਰ ਸੀ, ਸੰਗਤ ਅੰਦਰ ਸਮਾਂ ਨਹੀਂ ਸਕਦੀ ਸੀ।

**ਦੀਪਮਾਲਾ–** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 96ਵੇਂ ਪ੍ਰਕਾਸ਼ ਪੁਰਬ ਤੇ ਦੀਪਮਾਲਾ ਕੀਤੀ ਗਈ ਸੀ। ਸਿਮਰਤੀ ਮੰਦਰ ਤੇ ਜਗਜੀਤ ਮੰਦਰ ਨੂੰ ਲੜੀਆਂ ਨਾਲ ਸਜਾਇਆ ਗਿਆ ਸੀ। ਰਾਮਸਰ ਦਾ ਸਾਰਾ ਏਰੀਆ ਦੀਵਿਆਂ ਦੇ ਨਾਲ ਜਗਮਗਾ ਰਿਹਾ ਸੀ। ਰਾਤ ਨੂੰ ਇਹ ਦ੍ਰਿਸ਼ ਅਤਿ ਸੁੰਦਰ ਲਗ ਰਿਹਾ ਸੀ। ਸ੍ਰੀ ਭੈਣੀ ਸਾਹਿਬ ਦੇ ਛੋਟੇ ਤੇ ਵੱਡੇ ਬੱਚਿਆਂ ਨੇ ਇਸ ਦੀ ਸੇਵਾ ਕੀਤੀ।

**ਸੰਗੀਤ ਸੰਮੇਲਨ ਦੀ ਤਿਆਰੀ–** ਇਸ ਚੌਥੇ ਸੰਗੀਤ ਸੰਮੇਲਨ ਦੀ ਤਿਆਰੀ ਕਾਫੀ ਸਮਾਂ ਪਹਿਲੇ ਕਰ ਦਿੱਤੀ ਗਈ ਸੀ। ਸੰਤ ਜੈ ਸਿੰਘ ਦੀ ਨਿਗਰਾਨੀ ਹੇਠ ਇਸ ਦੀ ਰੂਪ ਰੇਖਾ ਤਿਆਰ ਕੀਤੀ ਗਈ ਸੀ। ਉਹਨਾਂ ਦੇ ਨਾਲ ਸੰਤ ਗੁਰਮੁਖ ਸਿੰਘ ਰਹਿਬਰ, ਸੰਤ ਜਤਿੰਦਰ ਸਿੰਘ, ਸੁਖਵਿੰਦਰ ਸਿੰਘ, ਸ੍ਰੀ ਰਾਜੇਸ਼ ਮਾਲਵੀਆ, ਰਾਗੀ ਬਲਵੰਤ ਸਿੰਘ, ਸੂਬਾ ਬਲਵਿੰਦਰ ਸਿੰਘ, ਜੀ. ਪੀ. ਸਿੰਘ ਨੇ ਸਾਥ ਦਿੱਤਾ। ਸੰਤ ਲਖਵੀਰ ਸਿੰਘ ਬਦੋਵਾਲ ਤੇ ਸੁਰਿੰਦਰ ਸਿੰਘ ਛਿੰਦਾ ਨੇ ਪ੍ਰੈਸ ਦੀ ਜ਼ੁੰਮੇਵਾਰੀ ਨਿਭਾਈ। ਸੰਮੇਲਨ ਤੋਂ ਪਹਿਲਾਂ ਅਖਬਾਰ ਵਿਚ ਸੰਗੀਤ ਸੰਮੇਲਨ ਬਾਰੇ ਛਾਪਿਆ ਗਿਆ।

**ਸਕਿਓਰਟੀ ਦੀ ਸੇਵਾ–** ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਸ ਸਾਰੇ ਸੰਗੀਤ ਸੰਮੇਲਨ ਦੀ ਸਕਿਓਰਟੀ ਦੀ ਸੇਵਾ ਸ੍ਰੀ ਭੈਣੀ ਸਾਹਿਬ ਦੇ ਨੌਜਵਾਨਾਂ ਨੇ ਬਾਖੂਬੀ ਢੰਗ ਨਾਲ ਨਿਭਾਈ। ਸੰਤ ਨਿਰਮਲ ਸਿੰਘ, ਗੁਰਪ੍ਰੀਤ ਸਿੰਘ, ਹਰਜਿੰਦਰ ਸਿੰਘ, ਗੁਰਪ੍ਰੀਤ ਸਿੰਘ ਅਤੇ ਸਾਥੀ ਨੌਜਵਾਨਾਂ ਨੇ ਪੂਰਾ ਸਹਿਯੋਗ ਦਿੱਤਾ।

**ਵੀ.ਡੀ.ਓ. ਤੇ ਫੋਟੋਆਂ ਦੀ ਸੇਵਾ–** ਸੰਤ ਬਲਵੀਰ ਸਿੰਘ, ਕਰਨਪਾਲ ਸਿੰਘ, ਬਲਵੰਤ ਸਿੰਘ, ਬੰਤਾ ਸਿੰਘ, ਲਵਪ੍ਰੀਤ ਸਿੰਘ ਤੇ ਸੂਰਤਪਾਲ ਸਿੰਘ ਨੇ ਬਹੁਤ ਵਧੀਆ ਢੰਗ ਨਾਲ ਨਿਭਾਈ।

**ਲੱਡੂਆਂ ਦਾ ਲੰਗਰ**–ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 96ਵੇਂ ਪ੍ਰਕਾਸ਼ ਦਿਹਾੜੇ ਤੇ ਦੋ ਦਿਨ ਦਾ ਸੰਗੀਤ ਸੰਮੇਲਨ ਕੀਤਾ ਗਿਆ। ਦੋਨੋ ਹੀ ਦਿਨ ਆਈ ਹੋਈ ਸਮੁੱਚੀ ਸਾਧ ਸੰਗਤ ਨੂੰ ਲੱਡੂ ਵਰਤਾਏ ਗਏ। ਸੰਤ ਗੁਰਮੁਖ ਸਿੰਘ ਜੀ. ਪੀ., ਹਰਪਾਲ ਸਿੰਘ, ਗੁਰਮੀਤ ਸਿੰਘ ਚਾਨਾ ਦੀ ਅਗਵਾਈ ਹੇਠ ਸਿਰਸਾ, ਰਾਣੀਆਂ ਤੇ ਸੰਤ ਨਗਰ ਦੇ ਨੌਜਵਾਨਾਂ ਨੇ ਇਸ ਦੀ ਸੇਵਾ ਤਨ ਤੇ ਮਨ ਨਾਲ ਕੀਤੀ।

**ਵੱਡੇ ਲੰਗਰ ਵਿਚ ਇੰਤਜਾਮ–** ਪਰਮ ਪੂਜਯ ਮਾਤਾ ਚੰਦ ਕੌਰ ਜੀ ਨੇ ਵਡੇ ਲੰਗਰ ਵਿਚ ਆਈ ਹੋਈ ਸੰਗਤ ਵਾਸਤੇ ਲੰਗਰ ਦਾ ਇੰਤਜਾਮ ਬਹੁਤ ਹੀ ਵਧੀਆ ਢੰਗ ਨਾਲ ਕੀਤਾ ਹੋਇਆ ਸੀ। ਚਾਹਟਾ, ਪਕੌੜੇ ਤੇ ਲੱਡੂ ਸਾਧ ਸੰਗਤ ਨੂੰ ਵਰਤਾਏ ਗਏ।

**ਸਟੇਜ ਦੀ ਸੇਵਾ**–ਸੇਵਕ ਹਰਪਾਲ ਸਿੰਘ ਅਤੇ ਸੰਤ ਸੁਖਵਿੰਦਰ ਸਿੰਘ ਲਾਇਲ ਨੇ ਬਾਖੂਬੀ ਨਿਭਾਈ।

**21-11-2015**

**ਪਹਿਲੇ ਦਿਨ ਦਾ ਸੰਗੀਤ ਸੰਮੇਲਨ**

ਸਿਮਰਤੀ ਹਾਲ ਵਿਚ ਸੰਗੀਤ ਸੰਮੇਲਨ ਦੀ ਤਿਆਰੀ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਗਈ ਸੀ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਾਰੀ ਸੰਗਤਾਂ ਨੇ ਉਹਨਾਂ ਦਾ ਨਿਘਾ ਸੁਆਗਤ ਕੀਤਾ। ਠੀਕ 5.30 ਵਜੇ

**(ਬਾਕੀ ਸਫਾ 7 'ਤੇ)**



ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੇਲੇ ਸਮੇਂ ਹੋਏ ਸੰਗੀਤ ਸੰਮੇਲਨ ਦਾ ਅਨੰਦ ਲੈਂਦੇ ਸਰੋਤੇ।

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਚੌਥਾ ਸੰਗੀਤ ਸੰਮੇਲਨ ਸੰਪੰਨ...(ਬਾਕੀ ਸਫਾ 6 ਦੀ)

ਸੰਗੀਤ ਆਰੰਭ ਹੋ ਗਿਆ ਸੀ।

**ਜੈਤਾ ਸਿੰਘ ਨਾਮਧਾਰੀ–** ਸਭ ਤੋਂ ਪਹਿਲਾਂ ਸੰਗੀਤ ਸੰਮੇਲਨ ਵਿਚ ਜੈਤਾ ਸਿੰਘ ਨੇ ਆਪਣੀ ਸਰੋਦ ਨਾਲ ਇਸ ਦੀ ਸ਼ੁਰੂਆਤ ਕੀਤੀ। ਉਹਨਾਂ ਨੇ ਰਾਗ ਬਿਹਾਗ ਪੇਸ਼ ਕੀਤਾ। ਉਸ ਤੋਂ ਬਾਅਦ ਉਹਨਾਂ ਨੇ ਸਰੋਦ ਵਾਦਨ ਨਾਲ ਵਿਲੰਭਤ ਤਿੰਨ ਤਾਲ ਤੇ ਦਰੁੱਤ ਤਿੰਨ ਤਾਲ ਵਿਚ ਪੇਸ਼ ਕੀਤਾ। ਉਹਨਾਂ ਦੇ ਨਾਲ ਤਬਲੇ ਦੀ ਸੰਗਤ ਮਨਸਾ ਸਿੰਘ ਨਾਮਧਾਰੀ ਨੇ ਕੀਤੀ। ਇਹ ਦੋਨੋਂ ਨੌਜਵਾਨ ਕਾਮਯਾਬੀ ਦੀ ਸਿਖਰਾਂ ਨੂੰ ਛੂਹ ਰਹੇ ਹਨ। ਸ੍ਰੀ ਸਤਿਗੁਰੂ ਜੀ ਕਿਰਪਾ ਕਰਨ ਇਨਾਂ ਨੂੰ ਹੋਰ ਤਰੱਕੀ ਕਰਨ ਦਾ ਬਲ ਬਖਸ਼ਣ। ਪ੍ਰੋਗਰਾਮ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਇਹਨਾਂ ਕਲਾਕਾਰਾਂ ਨੂੰ ਮੋਮੈਂਟੋ ਦੇ ਕੇ ਸਨਮਾਨਤ ਕੀਤਾ।

**ਪੰਡਿਤ ਉਲਹਾਸ ਕੁਸ਼ਾਲਕਰ– ਪੰਡਿਤ ਯੋਗੇਸ ਸਾਮਸੀ, ਸ੍ਰੀ ਵਿਜੈ ਮਿਸ਼ਰਾ–** ਨੇ ਸਟੇਜ ਤੇ ਸਿਰਕਤ ਕੀਤੀ। ਜਿਥੇ ਉਹਨਾਂ ਦੇ ਪਹੁੰਚਣ ਤੇ ਸਰੋਤਿਆਂ ਨੇ ਤਾੜੀਆਂ ਵਜਾ ਕੇ ਹਾਰਦਿਕ ਅਭਿਨੰਦਨ ਕੀਤਾ। ਉਹਨਾਂ ਨੇ ਆਕੇ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਫਿਰ ਉਹਨਾਂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਨੂੰ ਨਮਸਕਾਰ ਕੀਤੀ। ਪੰਡਤ ਉਲਹਾਸ ਕੁਸਾਲਕਰ ਪੰਡਿਤ ਯੋਗੇਸ ਸਾਮਸੀ, ਸ੍ਰੀ ਵਿਜੈ ਮਿਸ਼ਰਾ, ਸ੍ਰੀ ਸਤਿਗੁਰੂ ਜੀ, ਸੰਤ ਜਗਤਾਰ ਸਿੰਘ, ਰਾਗੀ ਬਲਵੰਤ ਸਿੰਘ ਨੇ ਜੋਤ ਪ੍ਰਚੰਡ ਕੀਤੀ। ਸਰੋਤਿਆਂ ਨੇ ਤਾੜੀਆਂ ਮਾਰ ਕੇ ਹਾਰਦਿਕ ਅਭਿਨੰਦਨ ਕੀਤਾ। ਇਸ ਦੇ ਨਾਲ ਹੀ ਇਹਨਾਂ ਉਸਤਾਦਾਂ ਨੂੰ ਗੁਲਦਸਤੇ ਭੇਟ ਕੀਤੇ ਗਏ।

**ਪੰਡਿਤ ਉਲਹਾਸ ਕੁਸ਼ਾਲਕਰ–** ਨੇ ਆਪਣੇ ਪ੍ਰੋਗਰਾਮ ਦੀ ਸ਼ੁਰੂਆਤ ਰਾਗ ਕੇਦਾਰ ਵਿਲੰਭਤ ਤਿੰਨ ਤਾਲ ਵਿਚ ਇਕ ਬੰਦਸ਼ ਪੇਸ਼ ਕੀਤੀ। ਉਸ ਤੋਂ ਬਾਅਦ ਮੱਧ ਲੈਅ ਦੀ ਇਕ ਬੰਦਸ਼ ਪੇਸ਼ ਕੀਤੀ। ਰਾਗ ਕਾਫੀ ਕਾਨੜਾ ਵਿਚ ਦੋ ਕੰਪੋਜੀਸ਼ਨ ਪੇਸ਼ ਕੀਤੀਆਂ। ਰਾਗ ਖਮਾਜ ਵਿਚ 'ਕੋਇਲੀਆ ਕੂਕ ਸੁਣਾਵੇ' ਤੇ ਪ੍ਰੋਗਰਾਮ ਦੇ ਅੰਤ ਵਿਚ ਉਸਤਾਦ ਵਲਾਇਤ ਖਾਂ ਸਾਹਿਬ ਦੀ ਬਣਾਈ ਹੋਈ ਰਾਗ ਭੈਰਵੀ ਵਿਚ 'ਤੁਮ ਹੋ ਜਗਤ ਕੇ ਦਾਤਾ' ਬੰਦਸ਼ ਗਾ ਕੇ ਸਮਾਪਤ ਕੀਤੀ। ਜਿਸ ਦਾ ਸਰੋਤਿਆਂ ਨੇ ਤਾੜੀਆਂ ਵਜਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਹਨਾਂ ਦੇ ਨਾਲ ਤਬਲੇ ਦੀ ਸੰਗਤ ਸ੍ਰੀ ਪੰਡਿਤ ਯੋਗੇਸ਼ ਸਾਮਸੀ ਅਤੇ ਹਾਰਮੋਨੀਅਮ ਤੇ ਸ੍ਰੀ ਵਿਜੈ ਮਿਸ਼ਰਾ ਨੇ ਬਹੁਤ ਹੀ ਬਾਖੂਬੀ ਨਾਲ ਪੇਸ਼ ਕੀਤੀ।

ਪੰਡਤ ਰਾਜੇਂਦਰ ਰੰਗਾਨੀ ਅਤੇ ਸਾਥੀ, ਪੰਡਿਤ ਫਤਹਿ ਰੰਗਾਨੀ, ਉਸਤਾਦ ਸੁਖਵਿੰਦਰ ਸਿੰਘ ਨਾਮਧਾਰੀ ਨੇ ਸਟੇਜ ਤੇ ਸ਼ਿਕਰਤ ਕੀਤੀ। ਇਹਨਾਂ ਨੇ ਸਭ ਤੋਂ ਪਹਿਲਾਂ ਆਕੇ ਸਰੋਤਿਆਂ ਨੂੰ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ, ਜਿਸ ਦਾ ਸਰੋਤਿਆਂ ਨੇ ਤਾੜੀਆਂ ਮਾਰ ਕੇ ਸੁਆਗਤ ਕੀਤਾ। ਇਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਅਤੇ ਫਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਨੂੰ ਨਮਸਕਾਰ ਕੀਤੀ। ਪੰਡਿਤ ਰਾਜੇਂਦਰ ਰੰਗਾਨੀ, ਜੈਪੁਰ ਘਰਾਣੇ ਦੇ ਮਸ਼ਹੂਰ ਨ੍ਰਿਤਕਾਰ ਹਨ। ਉਹਨਾਂ ਨੇ ਦੇਸ ਦੇ ਵੱਖ ਵੱਖ ਹਿਸਿਆਂ ਵਿਚ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਹੈ। ਉਹਨਾਂ ਦੀ ਪੇਸ਼ਕਾਰੀ ਇਕ ਨਿਵੇਕਲੀ ਹੈ। ਉਹਨਾਂ ਦੇ ਪ੍ਰੋਗਰਾਮ ਦੇ ਸ਼ੁਰੂ ਵਿਚ ਕਥਕ ਤਿੰਨ ਤਾਲ ਆਮਦ ਚਕਰਦਾਰਾਂ, ਵਿਚ ਨ੍ਰਿਤਕਾਰੀ ਪੇਸ਼ ਕੀਤੀ। ਉਹਨਾਂ ਨੇ ਧਮਾਹ ਵਿਚ ਨ੍ਰਿਤਕਾਰੀ ਪੇਸ਼ ਕੀਤੀ। ਉਪਰੰਤ ਇਕ ਭਜਨ ਦੀ ਪੇਸ਼ਕਾਰੀ, ਦਰੁੱਤ ਤਿੰਨ ਤਾਲ ਉਪਰ ਨਾਦ ਕਰਕੇ ਸਰੋਤਿਆਂ ਨੂੰ ਮੋਹ ਲਿਆ। ਸਰੋਤਿਆਂ ਨੇ ਤਾੜੀਆਂ ਮਾਰ ਕੇ ਉਹਨਾਂ ਦਾ ਸੁਆਗਤ ਕੀਤਾ। ਉਹਨਾਂ ਦੇ ਨਾਲ ਪੰਡਿਤ ਫਤਹਿ ਰੰਗਾਨੀ, ਉਸਤਾਦ ਸੁਖਵਿੰਦਰ ਸਿੰਘ ਨਾਮਧਾਰੀ ਨੇ ਤਬਲੇ ਤੇ ਸੰਗਤ ਕਰਕੇ ਇਸ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿਤੇ। ਪੰਡਿਤ ਰਾਜੇਂਦਰ ਰੰਗਾਨੀ ਕਥਕ ਕਰਦੇ ਕਰਦੇ ਆਖਦੇ ਕਿ ਮੈਂ ਇਕੱਲਾ– ਇਹ ਦੋ ਸ਼ੇਰ ਹਨ। ਇਹਨਾਂ ਕਲਾਕਾਰਾਂ ਨੇ ਸਰੋਤਿਆਂ ਦੀ ਵਾਹ ਵਾਹ ਖੱਟੀ। ਸਾਰੇ ਸਰੋਤਿਆਂ ਨੂੰ ਆਪਣੇ ਇਸ ਪ੍ਰੋਗਰਾਮ ਵਿਚ ਕੀਲੀ ਰੱਖਿਆ।

### 22-11-2015

### ਦੂਸਰੇ ਦਿਨ ਦਾ ਸੰਗੀਤ ਸੰਮੇਲਨ

ਅੱਜ ਸੰਗੀਤ ਦਾ ਦੂਸਰਾ ਦਿਨ ਸੀ, ਐਤਵਾਰ ਦਾ ਦਿਨ ਸੀ। ਅੱਜ ਉਸਤਾਦ ਜਾਕਿਰ ਹੁਸੈਨ ਦਾ ਪ੍ਰੋਗਰਾਮ ਸੀ। ਜ਼ਿਆਦਾ ਸੰਗਤ ਆਉਣੀ ਸੀ। ਅੱਜ ਸ਼ਾਮੀ 5 ਵਜੇ ਹੀ ਸਿਮਰਤੀ ਮੰਦਰ ਸੰਗਤ ਨਾਲ ਭਰਪੂਰ ਹੋ ਗਿਆ ਸੀ। 6.30 ਵਜੇ ਤਕ ਤਾਂ ਅੰਦਰ ਤਿਲ ਧਰਨ ਨੂੰ ਜਗਾ ਨਹੀਂ ਮਿਲ ਰਹੀ ਸੀ। ਹਰ ਇਕ ਅੰਦਰ ਤੇ ਅਗੇ ਬੈਠਣ ਦੀ ਕੋਸ਼ਿਸ਼ ਵਿਚ ਸੀ। ਪਰ ਉਥੇ ਤਾਂ ਪਹਿਲਾਂ ਹੀ ਸੰਗਤ ਭਰਪੂਰ ਸੀ। ਅੰਦਰ ਤੇ ਬਾਹਰ ਸੰਗਤਾਂ ਦਾ ਬੇਮਿਸਾਲ ਇਕਠ ਸੀ। ਸਾਰੀ ਸੰਗਤ ਚੁਪ ਚਾਪ ਸੰਗੀਤ ਦਾ ਆਨੰਦ ਲੈ ਰਹੀ ਸੀ। ਉਸਤਾਦ ਜਾਕਿਰ ਹੁਸੈਨ ਦੇ ਪਧਾਰਨ ਤੇ ਸਰੋਤਿਆਂ ਨੇ ਬਾਖੂਬੀ ਤਾੜੀਆਂ ਨਾਲ ਸੁਆਗਤ ਕੀਤਾ। ਉਹਨਾਂ ਦੇ ਹੱਥ ਵਿਚ ਤਬਲਾ ਸੀ। ਸਭ ਤੋਂ ਪਹਿਲਾਂ ਉਹਨਾਂ ਨੇ ਸਰੋਤਿਆਂ ਦਾ ਧੰਨਵਾਦ ਕੀਤਾ। ਤਬਲਾ ਰਖ ਕੇ ਸਿੱਧਾ ਸਟੇਜ ਤੋਂ ਪੂਜਯ ਮਾਤਾ ਚੰਦ ਕੌਰ ਜੀ ਦੇ ਚਰਨਾਂ ਵਿਚ ਨਮਸਕਾਰ ਕਰਨ ਗਏ। ਮਾਤਾ ਜੀ ਨੇ ਅਸ਼ੀਰਵਾਦ ਦਿੱਤਾ। ਉਹਨਾਂ ਵਿਚ ਇਨੀ ਫੁਰਤੀ ਸੀ ਕਿ ਸਿੱਧਾ ਸਟੇਜ ਤੇ ਛਾਲ ਮਾਰਕੇ ਹੀ ਚੜ੍ਹ ਗਏ। ਉਹਨਾਂ ਨੇ ਜਾ ਕੇ ਸ੍ਰੀ ਸਤਿਗੁਰੂ ਜੀ ਦੀ ਤਸਵੀਰ ਨੂੰ ਨਮਸਕਾਰ ਕੀਤੀ। ਫਿਰ ਸਤਿਗੁਰੂ ਉਦੈ ਸਿੰਘ ਜੀ ਨੂੰ ਨਮਸਕਾਰ ਕੀਤੀ। ਸ੍ਰੀ ਸਤਿਗੁਰੂ ਜੀ ਆਦਰ ਸਹਿਤ ਜੋਤ ਪ੍ਰਚੰਡ ਕਰਨ ਲਈ ਲੈ ਕੇ ਆਏ। ਜਿਥੇ ਉਸਤਾਦ ਜਾਕਿਰ ਹੁਸੈਨ ਉਸਤਾਦ ਫਜਲ ਕੁਰੈਸੀ, ਉਸਤਾਦ ਤੌਫੀਕ ਕੁਰੈਸੀ, ਪੰਡਤ ਅਜੇ ਜੋਗਲੇਕਰ, ਸੰਤ ਜਗਤਾਰ ਸਿੰਘ ਪਨੇਸਰ ਸ੍ਰੀ ਸਤਿਗੁਰੂ ਜੀ ਨੇ ਜੋਤ ਪ੍ਰਚੰਡ ਕੀਤੀ। ਇਸ ਮੌਕੇ ਤੇ ਸਰੋਤਿਆਂ ਨੇ ਤਾੜੀਆਂ ਮਾਰ ਕੇ ਭਰਪੂਰ ਸੁਆਗਤ ਕੀਤਾ।

### ਪ੍ਰੋਗਰਾਮ ਦੀ ਸ਼ੁਰੂਆਤ

ਸੰਤ ਕਿਰਪਾ ਸਿੰਘ ਨਾਮਧਾਰੀ ਯੂ.ਕੇ. ਨੇ ਤਾਰ ਸ਼ਹਿਨਾਈ ਵਾਦਨ ਨਾਲ ਸ਼ੁਰੂਆਤ ਕੀਤੀ। ਉਹਨਾਂ ਨੇ ਕਾਰ ਕਿਰਵਾਨੀ ਇਕ ਤਾਲ ਨਾਲ ਰਾਗ ਦਰੁੱਤ ਤਿੰਨ ਤਾਲ ਵਿਚ ਇਕ ਗਤ ਪੇਸ਼ ਕੀਤੀ। ਇਸ ਤੋਂ ਬਾਅਦ ਰਾਗ ਮਿਸ਼ਰ ਤੇਲੰਗ ਵਿੱਚ ਇਕ ਧੁਨ ਪੇਸ਼ ਕੀਤੀ। ਅਜੇ ਪਾਲ ਸਿੰਘ ਨਾਮਧਾਰੀ ਨੇ ਤਬਲੇ ਤੇ ਸੰਗਤ ਕੀਤੀ। ਸਰੋਤਿਆਂ ਨੇ ਇਸ ਦਾ ਭਰਪੂਰ ਆਨੰਦ ਮਾਣਿਆ।

**ਰਾਗੀ ਵੀਰ ਸਿੰਘ ਨਾਮਧਾਰੀ ਸ੍ਰੀ ਭੈਣੀ ਸਾਹਿਬ** ਨੇ ਸਾਸਤਰੀ ਗਾਇਨ ਪੇਸ਼ ਕੀਤਾ। ਉਹਨਾਂ ਨੇ ਰਾਗ ਮਾਲਕੌਂਸ ਵਿਚ ਵਿਲੰਭਤ ਤਿੰਨ ਤਾਲ ਵਿਚ ਵੱਡੇ ਖਿਆਲ ਨਾਲ ਸ਼ੁਰੂਆਤ ਕੀਤੀ। ਉਸ ਤੋਂ ਬਾਅਦ ਤਿੰਨ ਤਾਲ ਵਿਚ ਦੋ ਬੰਦਿਸ਼ਾਂ ਪੇਸ਼ ਕੀਤੀਆਂ। ਤਬਲੇ ਤੇ ਸੰਤ ਹਰਪ੍ਰੀਤ ਸਿੰਘ ਨਾਮਧਾਰੀ ਨੇ ਸੰਗਤ ਕਰਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।

**ਸ੍ਰੀ ਜਾਕਿਰ ਹੁਸੈਨ–ਉਸਤਾਦ ਫਜਲ ਕੁਰੈਸੀ, ਉਸਤਾਦ ਤੌਫੀਕ ਕੁਰੈਸ਼ੀ, ਪੰਡਿਤ ਅਜੈ ਜੋਗਲੇਕਰ** ਜਿੰਨਾਂ ਦੀ ਸਰੋਤਿਆਂ ਵਲੋਂ ਇੰਤਜਾਰ ਕੀਤੀ ਜਾ ਰਹੀ ਸੀ। ਉਹਨਾਂ ਨੂੰ ਆਦਰ ਸਹਿਤ ਸਟੇਜ ਤੇ ਲਿਆਂਦਾ ਗਿਆ। ਜਿਉਂ ਹੀ ਸਟੇਜ ਤੇ ਪਧਾਰੇ ਸਰੋਤਿਆਂ ਨੇ ਜੋਰਦਾਰ ਤਾੜੀਆਂ ਨਾਲ ਹਾਰਦਿਕ ਅਭਿਨੰਦਨ ਕੀਤਾ। ਸਾਰਾ ਪ੍ਰਤਾਪ ਮੰਦਰ ਸੰਗਤ ਨਾਲ ਭਰਪੂਰ ਸੀ। ਆਪਣੇ ਮਹਿਬੂਬ ਦੀ ਪੇਸ਼ਕਾਰੀ ਦੇਖਣ ਲਈ ਸਰੋਤਿਆਂ ਵਿਚ ਬਹੁਤ ਖਿੱਚ ਸੀ।

### ਪ੍ਰੋਗਰਾਮ ਦੀ ਸ਼ੁਰੂਆਤ

**ਉਸਤਾਦ ਜਾਕਿਰ ਹੁਸੈਨ** ਨੇ ਮੰਚ ਸੰਭਾਲਿਆ। ਉਹਨਾਂ ਨੇ ਵਿਲੰਭਤ ਤਿੰਨ ਤਾਲ ਨਾਲ ਸ਼ੁਰੂਆਤ ਕੀਤੀ। ਹਾਰਮੋਨੀਅਮ ਤੇ ਸਾਥ ਪੰਡਤ ਜੋਗਲੇਕਰ ਦੇ ਰਹੇ ਸਨ। ਵਿਲੰਭਤ ਤਿੰਨ ਤਾਲ ਵਿਚ ਉਹਨਾਂ ਨੇ ਕਮਾਲ ਦੀ ਪੇਸ਼ਕਾਰੀ ਕੀਤੀ। ਕੁਝ ਸਮੇਂ ਬਾਅਦ ਉਹਨਾਂ ਦੇ ਛੋਟੇ ਭਰਾ ਉਸਤਾਦ ਫਜ਼ਲ ਕੁਰੈਸੀ ਮੰਚ ਤੇ ਪਧਾਰੇ। ਦੋਨਾਂ ਭਰਾਵਾਂ ਨੇ ਧਮਾਰ ਤਾਲ ਵਿਚ ਪੇਸ਼ਕਾਰੀ ਕੀਤੀ। ਇਸ ਤੋਂ ਬਾਅਦ ਇਹਨਾਂ ਦੇ ਤੀਸਰੇ ਭਰਾ ਉਸਤਾਦ ਤੌਫੀਕ ਕੁਰੈਸੀ ਨੇ ਮੰਚ ਸੰਭਾਲਿਆ। ਉਹਨਾਂ ਨੇ ਇਕ ਨਵਾਂ ਅਫਰੀਕਨ ਸਾਜ਼ (ਡਰੱਮ) ਜੈਂਬੇ ਉਪਰ ਤਬਲੇ ਦੀਆਂ ਚੀਜਾਂ ਪੇਸ਼ ਕੀਤੀਆਂ। ਇਹਨਾਂ ਤਿੰਨੇ ਭਰਾਵਾਂ ਨੇ ਚਾਰ ਤਾਲ ਦੀ ਸਵਾਰੀ ਵਿਚ ਪੇਸ਼ਕਾਰੀ ਕੀਤੀ। ਇਸ ਤੋਂ ਬਾਅਦ ਸੰਮੇਲਨ ਦੀ ਸਮਾਪਤੀ ਹੋਈ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਆਏ ਹੋਏ ਕਲਾਕਾਰਾਂ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ। ਸ੍ਰੀ ਸਤਿਗੁਰੂ ਜੀ ਨੇ ਆਪਣਾ ਪਵਿੱਤਰ ਉਪਦੇਸ਼ ਸਾਧ ਸੰਗਤ ਦੇ ਭਲੇ ਵਾਸਤੇ ਦਿੱਤਾ। ਇਕ ਯਾਦਗਾਰੀ ਤਸਵੀਰ ਖਿੱਚੀ ਗਈ। ਇਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਚੌਥਾ ਸੰਗੀਤ ਸੰਮੇਲਨ ਯਾਦਗਾਰੀ ਹੋ ਨਿਬੜਿਆ।

**–ਗੁਰਦੇਵ ਸਿੰਘ ਚੀਮਾ**



**ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੇਲੇ ਸਮੇਂ ਹੋਏ ਸੰਗੀਤ ਸੰਮੇਲਨ ਦਾ ਅਨੰਦ ਲੈਂਦੇ ਸਰੋਤੇ।**

Date of Publication: 2/12/2015, Date of Posting:3-4/12/2015
Posted at PSO New Delhi-110001

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17





ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਅਵਾਰਡ ਨਾਲ ਸਤਿਗੁਰੂ ਉਦੈ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਸਨਮਾਨਿਤ
ਉਸਤਾਦ: (ਪ੍ਰੋ.) ਕਿਰਪਾਲ ਸਿੰਘ, ਪੰਡਤ ਰਮਾ ਕਾਂਤ ਅਤੇ ਡਾ. ਵਿਰੇਂਦਰ ਕੁਮਾਰ।



ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕੱਥਕ ਨ੍ਰਿਤ ਪੇਸ਼ ਕਰਦੇ ਪੰਡਤ ਰਾਜੇਂਦਰ ਗੰਗਾਨੀ ਜੀ।




ਸੰਗੀਤ ਸੰਮੇਲਨ ਵਿੱਚ ਪੰਡਿਤ ਉਲਹਾਸ ਕੁਸ਼ਾਲਕਰ ਜੀ ਗਾਇਨ ਪੇਸ਼ ਕਰਦੇ ਹੋਏ ਤਬਲੇ ਤੇ ਸੰਗਤ ਕਰ ਰਹੇ ਹਨ ਪੰਡਿਤ ਯੋਗੇਸ਼ ਸਾਮਸੀ ਅਤੇ ਹਾਰਮੋਨੀਅਮ ਤੇ ਵਿਜੇ ਮਿਸ਼ਰਾ ਜੀ ਆਦਿ।





ਸੰਗੀਤ ਸੰਮੇਲਨ ਸਮੇਂ ਰਾਗੀ ਵੀਰ ਸਿੰਘ ਨਾਮਧਾਰੀ ਗਾਇਨ ਪੇਸ਼ ਕਰਦੇ ਹੋਏ ਤਬਲੇ ਤੇ ਸਾਥ ਦੇ ਰਹੇ ਹਨ ਸੰਤ ਹਰਪ੍ਰੀਤ ਸਿੰਘ (ਸੋਨੂੰ), ਸੰਤ ਸਾਜਨ ਸਿੰਘ (ਹਾਰਮੋਨੀਅਮ) ਆਦਿ।
ਅਤੇ ਸੰਤ ਕਿਰਪਾਲ ਸਿੰਘ ਤਾਰ ਸ਼ਹਿਨਾਈ ਅਤੇ ਤਬਲੇ ਤੇ ਸੰਤ ਅਜੇਪਾਲ ਸਿੰਘ ਨਾਮਧਾਰੀ ਆਪਣੀ ਕਲਾ ਦਾ ਹੁਨਰ ਵਖਾਉਂਦੇ ਹੋਏ।

Photographs by Suratpal Singh

Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ-ਸਵੇਰੇ 6.57 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 5.24 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New delhi-110015. Editor-Mr.Harvendra Singh Hanspal.
Phone: +91-9212318103, Email: satjugweekly@gmail.com

Issue No.35 of 3 December 2015